28-JUNE-PAGE-1.qxd 6/27/2024 9:07 PM Page 1


ਸ਼ੁੱਕਰਵਾਰ, 28 ਜੂਨ, 2024

15 ਹਾੜ੍ਹ { ਨਾਨਕਸ਼ਾਹੀ 556 / ਬਿਕਰਮੀ 2081

ਜਿਲਦ/VOL. : 73

ਅੰਕ/NO. : 27

# ਨਵਾਂ ਜ਼ਮਾਨਾ

DAILY NAWAN ZAMANA • FRIDAY, 28 JUNE, 2024 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

You Tube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 14


# ਰਾਸ਼ਟਰਪਤੀ ਦੀ ਵੀ ਐਮਰਜੈਂਸੀ 'ਤੇ ਸੂਈ



**ਨਵੀਂ ਦਿੱਲੀ** : ਰਾਸ਼ਟਰਪਤੀ ਦਰੋਪਦੀ ਮੁਰਮੂ ਨੇ 18ਵੀਂ ਲੋਕ ਸਭਾ ਦੇ ਗਠਨ ਤੋਂ ਬਾਅਦ ਵੀਰਵਾਰ ਲੋਕ ਸਭਾ ਤੇ ਰਾਜ ਸਭਾ ਦੇ ਸਾਂਝੇ ਅਜਲਾਸ ਨੂੰ ਸੰਬੋਧਨ ਐਮਰਜੈਂਸੀ (ਹੰਗਾਮੀ ਹਾਲਤ) ਦਾ ਜ਼ਿਕਰ ਕਰਦਿਆਂ ਉਸ ਨੂੰ ਸੰਵਿਧਾਨ ਉੱਤੇ ਹਮਲਾ ਕਰਾਰ ਦਿੱਤਾ ਤੇ ਕਿਹਾ ਕਿ ਇਸ ਨੇ ਦੇਸ਼ ਵਿਚ ਅਫਰਾਤਫਰੀ ਤੇ ਸਹਿਮ ਦਾ ਮਾਹੌਲ ਪੈਦਾ ਕਰ ਦਿੱਤਾ ਸੀ, ਤਾਂ ਵੀ ਭਾਰਤ ਦੇ ਸੰਵਿਧਾਨ 50 ਸਾਲ ਪਹਿਲਾਂ ਮੜ੍ਹੀ ਗਈ ਕੌਮੀ ਐਮਰਜੈਂਸੀ ਦੇ ਹਮਲੇ ਨੂੰ ਪਛਾੜ ਦਿੱਤਾ।

ਪੇਪਰ ਲੀਕ ਦੀ ਗੱਲ ਕਰਦਿਆਂ ਉਨ੍ਹਾ ਕਿਹਾ ਕਿ ਪਹਿਲਾਂ ਵੀ ਵੱਖ-ਵੱਖ ਰਾਜਾਂ ਵਿਚ ਪੇਪਰ ਲੀਕ ਹੁੰਦੇ ਰਹੇ ਹਨ। ਉਨ੍ਹਾ ਦੀ ਸਰਕਾਰ ਨਿਰਪੱਖ ਜਾਂਚ ਕਰਕੇ ਦੋਸ਼ੀਆਂ ਨੂੰ ਸਜ਼ਾ ਦੇਣ ਲਈ ਵਚਨਬੱਧ ਹੈ। ਇਸ ਬੀਮਾਰੀ ਦਾ ਸਿਆਸੀ ਗਿਣਤੀ-ਮਿਣਤੀ ਤੋਂ ਉੱਪਰ ਉਠ ਕੇ ਦੇਸ਼ਵਿਆਪੀ ਠੋਸ ਹੱਲ ਲੱਭਣ ਦੀ ਲੋੜ ਹੈ। ਉਨ੍ਹਾ ਈ ਵੀ ਐੱਮ ਦੀ ਹਮਾਇਤ ਕਰਦਿਆਂ ਕਿਹਾ ਕਿ ਇਸ ਵਿਰੁੱਧ ਮੁਹਿੰਮ ਮੰਦਭਾਗੀ ਹੈ। ਉਨ੍ਹਾ ਦਾਅਵਾ ਕੀਤਾ ਕਿ ਜੰਮੂ-ਕਸ਼ਮੀਰ ਦੇ ਲੋਕਾਂ ਨੇ ਵੱਡੀ ਗਿਣਤੀ ਵਿਚ ਵੋਟਾਂ ਪਾ ਕੇ ਭਾਰਤ ਦੇ ਦੁਸ਼ਮਣਾਂ ਨੂੰ ਮੂੰਹ-ਤੋੜ ਜਵਾਬ ਦਿੱਤਾ ਹੈ।

ਕਾਂਗਰਸ ਸਾਂਸਦ ਸ਼ਸ਼ੀ ਥਰੂਰ ਨੇ ਰਾਸ਼ਟਰਪਤੀ ਵੱਲੋਂ ਐਮਰਜੈਂਸੀ ਦਾ ਜ਼ਿਕਰ ਕਰਨ 'ਤੇ ਇਤਰਾਜ਼ ਕਰਦਿਆਂ ਕਿਹਾ ਕਿ 50 ਸਾਲ ਬਾਅਦ ਐਮਰਜੈਂਸੀ ਦੀ ਗੱਲ ਕਰਨ ਵਿਚ ਕੋਈ ਤੁੱਕ ਨਹੀਂ। ਉਨ੍ਹਾ ਨੂੰ ਅਜੋਕੇ ਮੁੱਦਿਆਂ 'ਤੇ ਗੱਲ ਕਰਨੀ ਚਾਹੀਦੀ ਸੀ। ਉਨ੍ਹਾ ਨੀਟ ਜਾਂ ਬੇਰੁਜ਼ਗਾਰੀ, ਮਣੀਪੁਰ, ਭਾਰਤ-ਚੀਨ ਸਰਹੱਦੀ ਮੁੱਦੇ ਦਾ ਜ਼ਿਕਰ ਹੀ ਨਹੀਂ ਕੀਤਾ।

ਸ਼ਿਵ ਸੈਨਾ (ਯੂ ਬੀ ਟੀ) ਦੇ ਸਾਂਸਦ ਸੰਜੇ ਰਾਉਤ ਨੇ ਕਿਹਾ ਕਿ ਇਹ ਰਾਸ਼ਟਰਪਤੀ ਦਾ ਭਾਸ਼ਣ ਨਹੀਂ ਸੀ। ਦਸ ਸਾਲ ਤੋਂ ਇਹ ਮੋਦੀ ਦਾ ਭਾਸ਼ਣ ਹੀ ਚੱਲਿਆ ਆ ਰਿਹਾ ਹੈ। ਉਹ 50 ਸਾਲ ਬਾਅਦ ਵੀ ਐਮਰਜੈਂਸੀ ਦਾ ਜ਼ਿਕਰ ਕਰੀ ਜਾ ਰਹੇ ਹਨ। ਜਿਹੜੀ ਐਮਰਜੈਂਸੀ 10 ਸਾਲ ਤੋਂ ਚੱਲ ਰਹੀ ਹੈ, ਉਹ ਖਤਮ ਕਰਨ ਦੀ ਲੋੜ ਹੈ।

ਉਧਰ, ਲੋਕ ਸਭਾ ਵਿਚ ਆਪੋਜ਼ੀਸ਼ਨ ਦੇ ਆਗੂ ਰਾਹੁਲ ਗਾਂਧੀ ਨੇ ਵੀਰਵਾਰ ਲੋਕ ਸਭਾ ਦੇ ਸਪੀਕਰ ਓਮ ਬਿਰਲਾ ਨੂੰ ਮਿਲ ਕੇ ਉਨ੍ਹਾ ਵੱਲੋਂ ਬੁੱਧਵਾਰ ਸਦਨ ਵਿਚ ਐਮਰਜੈਂਸੀ ਦਾ ਜ਼ਿਕਰ ਕਰਨ 'ਤੇ ਇਹ ਕਹਿ ਕੇ ਨਾਰਾਜ਼ਗੀ ਜ਼ਾਹਰ ਕੀਤੀ ਕਿ ਇਹ ਪੂਰੀ ਤਰ੍ਹਾਂ ਸਿਆਸੀ ਮੁੱਦਾ ਸੀ ਤੇ ਇਸ ਨੂੰ ਟਾਲਿਆ ਜਾ ਸਕਦਾ ਸੀ।

ਕਾਂਗਰਸ ਦੇ ਜਨਰਲ ਸਕੱਤਰ ਕੇ ਸੀ ਵੇਣੂਗੋਪਾਲ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਰਾਹੁਲ ਨੇ ਸਪੀਕਰ ਨਾਲ ਸ਼ਿਸ਼ਟਾਚਾਰ ਮੁਲਾਕਾਤ ਕੀਤੀ। ਇਸ ਦੌਰਾਨ ਉਨ੍ਹਾ ਐਮਰਜੈਂਸੀ ਦਾ ਮੁੱਦਾ ਵੀ ਉਠਾਇਆ।

ਬਿਰਲਾ ਨੇ ਸਪੀਕਰ ਦਾ ਅਹੁਦਾ ਸੰਭਾਲਣ ਦੇ ਛੇਤੀ ਬਾਅਦ ਮਤਾ ਪੜ੍ਹਿਆ, ਜਿਸ ਵਿਚ ਐਮਰਜੈਂਸੀ ਦੀ ਨਿੰਦਾ ਕਰਦਿਆਂ ਉਸ ਨੂੰ ਵੇਲੇ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵੱਲੋਂ ਸੰਵਿਧਾਨ 'ਤੇ ਹਮਲਾ ਦੱਸਿਆ ਗਿਆ। ਕਾਂਗਰਸੀ ਮੈਂਬਰਾਂ ਨੇ ਇਸ ਦਾ ਤਿੱਖਾ ਵਿਰੋਧ ਕੀਤਾ। ਬਿਰਲਾ ਨਾਲ ਕੀਤੀ ਗਈ ਮੁਲਾਕਾਤ ਦੌਰਾਨ ਸਮਾਜਵਾਦੀ ਪਾਰਟੀ ਦੇ ਧਰਮਿੰਦਰ ਯਾਦਵ, ਡੀ ਐੱਮ ਕੇ ਦੀ ਕਨੀਮੋਜ਼ੀ, ਐੱਨ ਸੀ ਪੀ (ਸ਼ਰਦ ਪਵਾਰ) ਦੀ ਸੁਪ੍ਰਿਆ ਸੂਲੇ ਤੇਤ ਟੀ ਐੱਮ ਸੀ ਦੇ ਕਲਿਆਣ ਬੈਨਰਜੀ ਤੇ ਹੋਰ ਆਗੂ ਵੀ ਰਾਹੁਲ ਦੇ ਨਾਲ ਸਨ।

## 'ਆਪ' ਸਾਂਸਦਾਂ ਦਾ ਡਿਕਟੇਟਰਸ਼ਿਪ ਖਿਲਾਫ ਪ੍ਰੋਟੈੱਸਟ




**ਨਵੀਂ ਦਿੱਲੀ/ਚੰਡੀਗੜ੍ਹ (ਗੁਰਜੀਤ ਬਿੱਲਾ, ਕ੍ਰਿਸ਼ਨ ਗਰਗ)**

ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਗ੍ਰਿਫਤਾਰੀ ਦੇ ਵਿਰੋਧ ਵਿਚ ਆਮ ਆਦਮੀ ਪਾਰਟੀ ਦੇ ਸਾਂਸਦਾਂ ਨੇ ਵੀਰਵਾਰ ਸੰਸਦ ਦੇ ਬਾਹਰ ਪ੍ਰੋਟੈੱਸਟ ਕਰਕੇ ਕਿਹਾ ਕਿ ਜਾਂਚ ਏਜੰਸੀਆਂ ਦੀ ਘੋਰ ਦੁਰਵਰਤੋਂ ਕੀਤੀ ਜਾ ਰਹੀ ਹੈ। ਇਸ ਤੋਂ ਪਹਿਲਾਂ ਲੋਕ ਸਭਾ ਤੇ ਰਾਜ ਸਭਾ ਦੇ ਪਾਰਟੀ ਮੈਂਬਰਾਂ ਨੇ ਰਾਸ਼ਟਰਪਤੀ ਦੇ ਭਾਸ਼ਣ ਦਾ ਬਾਈਕਾਟ ਕੀਤਾ। ਸੰਗਰੂਰ ਦੇ ਸਾਂਸਦ ਗੁਰਮੀਤ ਸਿੰਘ ਮੀਤ ਹੇਅਰ ਨੇ ਕਿਹਾ ਕਿ ਮੋਦੀ ਸਰਕਾਰ ਜਮਹੂਰੀਅਤ ਤੇ ਸੰਵਿਧਾਨ ਦੀਆਂ ਵੱਡੀਆਂ-ਵੱਡੀਆਂ ਗੱਲਾਂ ਕਰਦੀ ਹੈ, ਪਰ ਹਕੀਕਤ ਵਿਚ ਸੰਵਿਧਾਨ ਤੇ ਜਮਹੂਰੀਅਤ ਨੂੰ ਮਧੋਲਿਆ ਜਾ ਰਿਹਾ ਹੈ। ਕੇਜਰੀਵਾਲ ਨੂੰ ਸੀ ਬੀ ਆਈ ਨੇ ਉਦੋਂ ਗ੍ਰਿਫਤਾਰ ਕੀਤਾ, ਜਦੋਂ ਉਨ੍ਹਾ ਨੂੰ ਸੁਪਰੀਮ ਕੋਰਟ ਤੋਂ ਜ਼ਮਾਨਤ ਮਿਲਣ ਦੀ ਪੂਰੀ ਸੰਭਾਵਨਾ ਸੀ, ਇਹ ਡਿਕਟੇਟਰਸ਼ਿਪ ਦੀ ਵੱਡੀ ਮਿਸਾਲ ਹੈ।

ਉਹਨਾ ਕਿਹਾ ਕਿ ਦਿੱਲੀ ਤੋਂ ਲੈ ਕੇ ਪੱਛਮੀ ਬੰਗਾਲ, ਝਾਰਖੰਡ ਅਤੇ ਮਹਾਰਾਸ਼ਟਰ ਤੱਕ ਜਾਂਚ ਏਜੰਸੀਆਂ ਦੀ ਖੁੱਲ੍ਹੇਆਮ ਦੁਰਵਰਤੋਂ ਹੋ ਰਹੀ ਹੈ। ਦਿੱਲੀ ਦੇ ਮੌਜੂਦਾ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਜੇਲ੍ਹ ਵਿੱਚ ਬੰਦ ਕਰ ਦਿੱਤਾ ਗਿਆ ਹੈ। ਝਾਰਖੰਡ ਦੇ ਮੌਜੂਦਾ ਮੁੱਖ ਮੰਤਰੀ ਹੇਮੰਤ ਸੋਰੇਨ ਨੂੰ ਜੇਲ੍ਹ ਵਿੱਚ ਬੰਦ ਕਰ ਦਿੱਤਾ ਗਿਆ ਹੈ। ਸਾਡੇ ਸਿੱਖਿਆ ਮੰਤਰੀ ਮਨੀਸ਼ ਸਿਸੋਦੀਆ ਅਤੇ ਸਿਹਤ ਮੰਤਰੀ ਸਤੇਂਦਰ ਜੈਨ ਨੂੰ ਗ੍ਰਿਫ਼ਤਾਰ ਕਰਕੇ ਲਗਭਗ ਦੋ ਸਾਲਾਂ ਤੋਂ ਜੇਲ੍ਹ ਵਿੱਚ ਰੱਖਿਆ ਗਿਆ ਹੈ।

'ਆਪ' ਦੇ ਸੰਸਦ ਮੈਂਬਰ ਸੰਜੇ ਸਿੰਘ ਨੂੰ ਛੇ ਮਹੀਨੇ ਤੱਕ ਬਿਨਾਂ ਵਜ੍ਹਾ ਜੇਲ੍ਹ ਵਿੱਚ ਰੱਖਿਆ ਗਿਆ। ਇਹ ਦੇਸ਼ ਦੇ ਲੋਕਤੰਤਰ ਲਈ ਬਹੁਤ ਖ਼ਤਰਨਾਕ ਹੈ।ਮੀਤ ਹੇਅਰ ਨੇ ਕਿਹਾ ਕਿ ਉਹਨਾ ਕੇਜਰੀਵਾਲ ਦੀ ਗ੍ਰਿਫ਼ਤਾਰੀ ਖ਼ਿਲਾਫ਼ ਆਪਣੀ ਪਾਰਟੀ ਦੇ ਪੱਧਰ 'ਤੇ ਧਰਨਾ ਸ਼ੁਰੂ ਕਰ ਦਿੱਤਾ ਹੈ।'ਇੰਡੀਆ' ਗੱਠਜੋੜ ਦੇ ਆਗੂਆਂ ਨਾਲ ਵੀ ਗੱਲਬਾਤ ਕੀਤੀ ਜਾ ਰਹੀ ਹੈ। ਇਸ ਮੁੱਦੇ 'ਤੇ ਉਨ੍ਹਾਂ ਨਾਲ ਵੀ ਗੱਲਬਾਤ ਕੀਤੀ ਜਾਵੇਗੀ ਅਤੇ ਉਨ੍ਹਾਂ ਦੇ ਸਹਿਯੋਗ ਨਾਲ ਇਸ ਆਵਾਜ਼ ਨੂੰ ਹੋਰ ਮਜ਼ਬੂਤ ਕੀਤਾ ਜਾਵੇਗਾ।

## ਰਾਜੇ ਦਾ ਡੰਡਾ ਲੋਕ ਸਭਾ 'ਚੋਂ ਬਾਹਰ ਕਰਨ ਦੀ ਮੰਗ

**ਨਵੀਂ ਦਿੱਲੀ** : ਸੰਸਦ ਦੇ ਵਰਤਮਾਨ ਸੈਸ਼ਨ ਵਿਚ ਲੋਕ ਸਭਾ ਸਪੀਕਰ ਦੀ ਕੁਰਸੀ ਦੇ ਨਾਲ 'ਸੇਂਗੋਲ' ਸਥਾਪਤ ਕਰਨ ਦਾ ਮੁੱਦਾ ਗਰਮਾ ਗਿਆ ਹੈ। ਆਪੋਜ਼ੀਸ਼ਨ ਮੈਂਬਰਾਂ ਨੇ ਇਸ ਨੂੰ ਹਟਾ ਕੇ ਭਾਰਤੀ ਸੰਵਿਧਾਨ ਦੀ ਕਾਪੀ ਪ੍ਰਦਰਸ਼ਤ ਕਰਨ ਦੀ ਮੰਗ ਕੀਤੀ ਹੈ।

ਯੂ ਪੀ ਦੇ ਮੋਹਨ ਲਾਲ ਗੰਜ ਤੋਂ ਸਮਾਜਵਾਦੀ ਪਾਰਟੀ ਦੇ ਸਾਂਸਦ ਆਰ ਕੇ ਚੌਧਰੀ ਨੇ ਸਪੀਕਰ ਓਮ ਬਿਰਲਾ ਨੂੰ ਪੱਤਰ ਲਿਖ ਕੇ ਸੇਂਗੋਲ (ਲੱਗਭੱਗ ਪੰਜ ਫੁੱਟ ਲੰਬੇ ਸੋਨ-ਪਰਤ ਵਾਲੇ ਰਾਜ ਸੱਤਾ ਦੇ ਚਿੰਨ੍ਹ) ਦੀ ਜਮਹੂਰੀਅਤ ਵਿਚ ਪ੍ਰਸੰਗਿਕਤਾ 'ਤੇ ਕਿੰਤੂ ਕੀਤਾ ਹੈ।



ਉਨ੍ਹਾ ਕਿਹਾ ਹੈ ਕਿ ਸੰਵਿਧਾਨ ਜਮਹੂਰੀਅਤ ਦਾ ਚਿੰਨ੍ਹ ਹੈ। ਮੋਦੀ ਸਰਕਾਰ ਨੇ ਪਿਛਲੇ ਕਾਰਜਕਾਲ ਦੌਰਾਨ ਸੇਂਗੋਲ ਸੰਸਦ ਵਿਚ ਸਥਾਪਤ ਕਰ ਦਿੱਤਾ। ਸੇਂਗੋਲ ਦਾ ਮਤਲਬ ਹੈ 'ਰਾਜ-ਦੰਡ'। ਇਸ ਨੂੰ ਰਾਜਾ ਕਾ ਡੰਡਾ ਵੀ ਕਿਹਾ ਜਾਂਦਾ ਹੈ। ਰਜਵਾੜਾਸ਼ਾਹੀ ਦੇ ਖਾਤਮੇ ਤੋਂ ਬਾਅਦ ਦੇਸ਼ ਆਜ਼ਾਦ ਹੋ ਗਿਆ ਸੀ। ਕੀ ਦੇਸ਼ ਰਾਜੇ ਦੇ ਡੰਡੇ ਨਾਲ ਚੱਲੇਗਾ ਜਾਂ ਸੰਵਿਧਾਨ ਨਾਲ? ਸੰਵਿਧਾਨ ਨੂੰ ਬਚਾਉਣ ਲਈ ਸੇਂਗੋਲ ਨੂੰ ਸੰਸਦ ਵਿੱਚੋਂ ਹਟਾਇਆ ਜਾਵੇ। ਜਦੋਂ ਮੀਡੀਆ ਨੇ ਚੌਧਰੀ ਦੀ ਮੰਗ ਬਾਰੇ ਸਮਾਜਵਾਦੀ ਪਾਰਟੀ

● ਬਾਕੀ ਸਫ਼ਾ 2 'ਤੇ

## 'ਚੋਣ ਨਤੀਜਿਆਂ ਨੇ ਦਰਸਾਇਆ ਕਿ ਭਾਰਤ ਹਿੰਦੂ ਰਾਸ਼ਟਰ ਨਹੀਂ'

**ਕੋਲਕਾਤਾ** : ਨੋਬੇਲ ਇਨਾਮ ਜੇਤੂ ਅਮਰਤਿਯਾ ਸੇਨ ਨੇ ਕਿਹਾ ਹੈ ਕਿ ਹਾਲੀਆ ਲੋਕ ਸਭਾ ਚੋਣਾਂ ਦੇ ਨਤੀਜੇ ਦਰਸਾਉਂਦੇ ਹਨ ਕਿ ਭਾਰਤ 'ਹਿੰਦੂ ਰਾਸ਼ਟਰ' ਨਹੀਂ ਹੈ। ਉਨ੍ਹਾਂ ਇਸ ਗੱਲ 'ਤੇ ਨਾਖੁਸ਼ੀ ਜ਼ਾਹਰ ਕੀਤੀ ਹੈ ਕਿ ਇਸ ਦੇਸ਼ ਵਿਚ ਬਿਨਾਂ ਮੁਕੱਦਮੇ ਦੇ ਲੋਕਾਂ ਨੂੰ ਸਲਾਖਾਂ ਪਿੱਛੇ ਬੰਦ ਕਰਨਾ ਅੰਗਰੇਜ਼ਾਂ ਦੇ ਰਾਜ ਵੇਲੇ ਤੋਂ ਚੱਲਿਆ ਆ ਰਿਹਾ ਹੈ। ਅਮਰੀਕਾ ਤੋਂ ਕੋਲਕਾਤਾ ਪਰਤਣ 'ਤੇ 90 ਸਾਲਾ ਸੇਨ ਨੇ ਬੁੱਧਵਾਰ ਹਵਾਈ ਅੱਡੇ 'ਤੇ ਇਕ ਬੰਗਾਲੀ ਨਿਊਜ਼ ਚੈਨਲ ਨਾਲ ਗੱਲਬਾਤ ਕਰਦਿਆਂ ਕਿਹਾ—ਅਸੀਂ ਹਰ ਚੋਣ ਤੋਂ ਬਾਅਦ ਤਬਦੀਲੀ ਦੀ ਆਸ ਕਰਦੇ ਹਾਂ, ਪਰ ਬਿਨਾਂ ਮੁਕੱਦਮਾ ਚਲਾਏ ਲੋਕਾਂ ਨੂੰ ਸਲਾਖਾਂ ਪਿੱਛੇ ਰੱਖਣ ਅਤੇ ਅਮੀਰ ਤੇ ਗਰੀਬ ਵਿਚਾਲੇ ਪਾੜਾ ਵਧਣ ਦਾ ਵਰਤਾਰਾ ਅਜੇ ਵੀ ਜਾਰੀ ਹੈ। ਇਹ ਖਤਮ ਹੋਣਾ ਚਾਹੀਦਾ ਹੈ।



ਉੱਘੇ ਅਰਥਸ਼ਾਸਤਰੀ ਨੇ ਕਿਹਾ ਕਿ ਸਿਆਸੀ ਫਰਾਖਦਿਲੀ ਦੀ ਲੋੜ ਹੈ, ਖਾਸਕਰ ਜਦੋਂ ਭਾਰਤ ਸੈਕੂਲਰ ਸੰਵਿਧਾਨ ਵਾਲਾ ਸੈਕੂਲਰ ਦੇਸ਼ ਹੈ। ਭਾਰਤ ਨੂੰ ਹਿੰਦੂ ਰਾਸ਼ਟਰ ਵਿਚ ਬਦਲਣਾ ਢੁਕਵਾਂ ਨਹੀਂ। ਉਨ੍ਹਾ ਇਹ ਵੀ ਕਿਹਾ ਕਿ ਨਵੀਂ ਕੇਂਦਰੀ ਕੈਬਨਿਟ ਪੁਰਾਣੀ ਦੀ ਹੀ ਕਾਪੀ ਹੈ। ਮਾੜੇ-ਮੋਟੇ ਫੇਰਬਦਲ ਦੇ ਬਾਵਜੂਦ ਮੰਤਰੀਆਂ ਕੋਲ ਪਹਿਲਾਂ ਵਾਲੇ ਹੀ ਮੰਤਰਾਲੇ ਹਨ। ਸਿਆਸੀ ਤੌਰ 'ਤੇ ਤਾਕਤਵਰ ਅਜੇ ਵੀ ਤਾਕਤਵਰ ਹਨ।

ਬ੍ਰਿਟਿਸ਼ ਰਾਜ ਦੌਰਾਨ ਆਪਣੇ ਬਚਪਨ ਦੀ ਗੱਲ ਕਰਦਿਆਂ ਸੇਨ ਨੇ ਕਿਹਾ ਕਿ ਉਦੋਂ ਲੋਕਾਂ ਨੂੰ ਬਿਨਾਂ ਮੁਕੱਦਮਾ ਚਲਾਏ ਜੇਲ੍ਹਾਂ ਵਿਚ ਡੱਕ ਦਿੱਤਾ ਜਾਂਦਾ ਸੀ। ਉਨ੍ਹਾ ਕਿਹਾ—ਜਦੋਂ ਮੈਂ ਜਵਾਨ ਸੀ, ਮੇਰੇ ਕਈ ਚਾਚੇ-ਤਾਏ ਤੇ ਭਰਾ ਬਿਨਾਂ

● ਬਾਕੀ ਸਫ਼ਾ 2 'ਤੇ

## ਲਾਰੈਂਸ ਬਿਸ਼ਨੋਈ ਗੈਂਗ ਦੇ 3 ਸ਼ੂਟਰ ਫੜੇ

**ਬਠਿੰਡਾ (ਪਰਵਿੰਦਰ ਜੀਤ ਸਿੰਘ)**

ਜ਼ਿਲ੍ਹਾ ਪੁਲਸ ਬਠਿੰਡਾ ਨਾਲ ਸਾਂਝੇ ਅਪ੍ਰੇਸ਼ਨ ਵਿੱਚ ਗੈਂਗਸਟਰ ਲਾਰੈਂਸ ਬਿਸ਼ਨੋਈ ਅਤੇ ਗੋਲਡੀ ਬਰਾੜ ਨਾਲ ਸਬੰਧਤ ਤਿੰਨ ਸ਼ੂਟਰਾਂ ਨੂੰ ਗ੍ਰਿਫਤਾਰ ਕਰਕੇ ਸੂਬੇ ਵਿੱਚ ਸੰਭਾਵਿਤ ਟਾਰਗੇਟ ਕਿਲਿੰਗ ਦੀ ਯੋਜਨਾ ਨੂੰ ਨਾਕਾਮ ਕਰ ਦਿੱਤਾ ਗਿਆ। ਡੀ ਜੀ ਪੀ ਗੌਰਵ ਯਾਦਵ ਨੇ ਦੱਸਿਆ ਕਿ ਫੜੇ ਗਏ ਵਿਅਕਤੀਆਂ ਦੀ ਪਛਾਣ ਕਰਨਦੀਪ ਸਿੰਘ ਉਰਫ ਕਨੂ ਵਾਸੀ ਨਵੀਂ ਬਸਤੀ ਮੌੜ ਮੰਡੀ, ਰਘੁਵੀਰ ਸਿੰਘ ਅਤੇ ਕੁਲਵਿੰਦਰ ਸਿੰਘ ਉਰਫ ਬਿੱਟੂ ਦੋਵੇਂ ਵਾਸੀ ਪਿੰਡ ਕੋਟ ਸ਼ਮੀਰ, ਬਠਿੰਡਾ ਵਜੋਂ ਹੋਈ ਹੈ। ਪੁਲਸ ਟੀਮਾਂ ਨੇ ਉਨ੍ਹਾਂ ਦੇ ਕਬਜ਼ੇ 'ਚੋਂ 3 ਪਿਸਤੌਲ, ਜਿਨ੍ਹਾਂ ਵਿੱਚ ਇੱਕ 9 ਐੱਮ ਐੱਮ ਪਿਸਤੌਲ ਅਤੇ ਦੋ .32 ਬੋਰ ਦੇ ਪਿਸਤੌਲ ਸ਼ਾਮਲ ਹਨ, ਸਮੇਤ ਛੇ ਜ਼ਿੰਦਾ ਕਾਰਤੂਸ ਅਤੇ ਛੇ ਮੈਗਜ਼ੀਨ ਬਰਾਮਦ ਕਰਨ ਤੋਂ ਇਲਾਵਾ ਉਨ੍ਹਾਂ ਦੀ ਹੁੰਡਈ ਵਰਨਾ ਕਾਰ ਵੀ ਜ਼ਬਤ ਕਰ ਲਈ ਹੈ। ਡੀ ਜੀ ਪੀ ਨੇ ਦੱਸਿਆ ਕਿ ਪੁਲਸ ਨੂੰ ਖ਼ੁਫ਼ੀਆ ਜਾਣਕਾਰੀ ਮਿਲੀ ਸੀ ਕਿ ਲਾਰੈਂਸ ਬਿਸ਼ਨੋਈ ਅਤੇ ਗੋਲਡੀ ਬਰਾੜ ਦੇ ਸਾਥੀ ਜ਼ਿਲ੍ਹਾ ਬਠਿੰਡਾ, ਮੋਹਾਲੀ ਅਤੇ ਆਸ-ਪਾਸ ਦੇ ਇਲਾਕਿਆਂ ਵਿੱਚ ਟਾਰਗੇਟ ਕਿਲਿੰਗ ਨੂੰ ਅੰਜ਼ਾਮ ਦੇਣ ਦੀ ਯੋਜਨਾ ਬਣਾ ਰਹੇ ਹਨ, ਜਿਸ 'ਤੇ ਕਾਰਵਾਈ ਕਰਦਿਆਂ ਸੀ ਆਈ ਬਠਿੰਡਾ ਅਤੇ ਬਠਿੰਡਾ ਪੁਲਸ ਦੀਆਂ ਟੀਮਾਂ ਨੇ ਸ਼ੂਟਰਾਂ ਨੂੰ ਫੜਨ ਲਈ ਸਾਂਝੇ ਅਪ੍ਰੇਸ਼ਨ ਦੌਰਾਨ ਮੌੜ ਚੌਕ ਵਿਖੇ ਨਾਕਾ ਲਾਇਆ। ਪੁਲਸ ਟੀਮਾਂ ਨੇ ਤਿੰਨਾਂ ਮੁਲਜ਼ਮਾਂ ਨੂੰ ਉਸ ਵੇਲੇ ਕਾਬੂ ਕੀਤਾ, ਜਦੋਂ ਉਹ ਆਪਣੀ ਕਾਰ ਵਿੱਚ ਮੌੜ ਤੋਂ ਬਠਿੰਡਾ ਵੱਲ ਆ ਰਹੇ ਸਨ। ਡੀ ਜੀ ਪੀ ਨੇ ਕਿਹਾ ਕਿ ਮੁੱਢਲੀ

● ਬਾਕੀ ਸਫ਼ਾ 2 'ਤੇ

### ਜਨਮ ਦਿਨ ਮਨਾ ਕੇ ਪਰਤਦਿਆਂ ਹਾਦਸਾ, 2 ਮੌਤਾਂ

**ਪਠਾਨਕੋਟ** : ਕਾਠ ਵਾਲਾ ਪੁਲ 'ਤੇ ਬੁੱਧਵਾਰ ਰਾਤ ਕਾਰ ਬੇਕਾਬੂ ਹੋ ਕੇ ਨਹਿਰ 'ਚ ਜਾ ਡਿੱਗੀ, ਜਿਸ ਕਰਕੇ 2 ਲੋਕਾਂ ਦੀ ਮੌਤ ਹੋ ਗਈ, ਜਦਕਿ 4 ਜ਼ਖ਼ਮੀ ਹੋ ਗਏ। ਮ੍ਰਿਤਕ ਦੇ ਦੋਸਤ ਨੇ ਦੱਸਿਆ ਕਿ ਹਾਦਸਾ ਕਰੀਬ ਡੇਢ ਵਜੇ ਵਾਪਰਿਆ, ਜਦੋਂ ਨੌਜਵਾਨ ਪਠਾਨਕੋਟ 'ਚ ਜਨਮ ਦਿਨ ਦੀ ਪਾਰਟੀ ਮਨਾ ਕੇ ਵਾਪਸ ਪਿੰਡ ਅਕਾਲਗੜ੍ਹ ਜਾ ਰਹੇ ਸੀ। ਉਸ ਨੇ ਦੱਸਿਆ ਕਿ ਰਾਤ ਕਰੀਬ 2 ਵਜੇ ਉਸ ਨੂੰ ਫੋਨ ਆਇਆ ਕਿ ਕਾਰ ਨਹਿਰ 'ਚ ਡਿੱਗ ਪਈ ਹੈ। ਉਹ ਲੋਕਾਂ ਨੂੰ ਲੈ ਕੇ ਮੌਕੇ 'ਤੇ ਪਹੁੰਚਿਆ ਅਤੇ ਦੇਖਿਆ ਕਿ ਕਾਰ ਵਿੱਚ ਸਵਾਰ 6 ਲੋਕਾਂ ਵਿੱਚੋਂ 4 ਬਾਹਰ ਨਿਕਲ ਚੁੱਕੇ ਸਨ, ਜਿਨ੍ਹਾਂ ਦੇ ਕਾਫੀ ਸੱਟਾਂ ਲੱਗੀਆਂ ਹੋਈਆਂ ਸਨ। ਕਾਰ 'ਚ ਫਸੇ 2 ਨੌਜਵਾਨਾਂ ਨੂੰ ਨਿੱਜੀ ਹਸਪਤਾਲ ਲਿਜਾਇਆ ਗਿਆ, ਜਿਥੇ ਡਾਕਟਰਾਂ ਨੇ ਉਨ੍ਹਾਂ ਨੂੰ ਮ੍ਰਿਤਕ ਐਲਾਨ ਦਿੱਤਾ। ਮ੍ਰਿਤਕ ਨੌਜਵਾਨਾਂ ਵਿੱਚੋਂ ਇੱਕ ਦਾ ਕਰੀਬ ਤਿੰਨ ਮਹੀਨੇ ਪਹਿਲਾਂ ਵਿਆਹ ਹੋਇਆ ਸੀ ਅਤੇ ਉਹ ਸਾਊਥ ਕੋਰੀਆ ਤੋਂ ਕਰੀਬ 6 ਮਹੀਨੇ ਪਹਿਲਾਂ ਭਾਰਤ ਪਰਤਿਆ ਸੀ। ਵਿਆਹ ਦੇ ਬਾਅਦ ਉਸ ਦੀ ਪਤਨੀ ਕੈਨੇਡਾ ਚਲੀ ਗਈ ਤੇ ਉਸ ਨੇ ਵੀ ਕੁਝ ਦਿਨਾਂ ਬਾਅਦ ਕੈਨੇਡਾ ਜਾਣਾ ਸੀ।

### ਅਕਾਲੀ ਦਲ ਵੱਲੋਂ ਬਸਪਾ ਨੂੰ ਸਮਰਥਨ

**ਜਲੰਧਰ (ਸੁਰਿੰਦਰ ਕੁਮਾਰ)**-10 ਜੁਲਾਈ ਨੂੰ ਹੋਣ ਵਾਲੀ ਜ਼ਿਮਨੀ ਚੋਣ 'ਚ ਸ਼੍ਰੋਮਣੀ ਅਕਾਲੀ ਦਲ ਨੇ ਆਪਣੀ ਰਣਨੀਤੀ ਬਦਲਦਿਆਂ ਬਾਗੀ ਗਰੁੱਪ ਵੱਲੋਂ ਜਲੰਧਰ ਦੇ ਜ਼ਿਲ੍ਹਾ ਅਕਾਲੀ ਦਲ ਨਾਲ ਬਿਨਾਂ ਕੋਈ ਗੱਲ ਕੀਤਿਆਂ ਪੱਛਮੀ ਵਿਧਾਨ ਸਭਾ ਹਲਕੇ ਤੋਂ ਉਤਾਰੀ ਉਮੀਦਵਾਰ ਸੁਰਜੀਤ ਕੌਰ ਨੂੰ ਆਪਣਾ ਉਮੀਦਵਾਰ ਮੰਨਣ ਤੋਂ ਇਨਕਾਰ ਕਰ ਦਿੱਤਾ। ਹੁਣ ਅਕਾਲੀ ਦਲ ਬਸਪਾ ਉਮੀਦਵਾਰ ਬਿੰਦਰ ਲਾਖਾ ਦਾ ਸਮਰਥਨ ਕਰੇਗਾ।

### ਹੁਣ ਓ ਐੱਮ ਆਰ ਸ਼ੀਟਾਂ ਨੂੰ ਲੈ ਕੇ ਪਟੀਸ਼ਨ

**ਨਵੀਂ ਦਿੱਲੀ** : ਸੁਪਰੀਮ ਕੋਰਟ ਨੇ ਨੈਸ਼ਨਲ ਟੈਸਟਿੰਗ ਏਜੰਸੀ (ਐੱਨ ਟੀ ਏ) ਤੋਂ ਪੁੱਛਿਆ ਹੈ ਕਿ ਕੀ ਨੀਟ-ਯੂ ਜੀ 2024 'ਚ ਸ਼ਾਮਲ ਹੋਏ ਉਮੀਦਵਾਰਾਂ ਨੂੰ ਮੁਹੱਈਆ ਕਰਵਾਈਆਂ ਗਈਆਂ ਓ ਐੱਮ ਆਰ ਸ਼ੀਟਾਂ ਬਾਰੇ ਸ਼ਿਕਾਇਤਾਂ ਦਰਜ ਕਰਵਾਉਣ ਲਈ ਕੋਈ ਸਮਾਂ-ਸੀਮਾ ਹੈ। ਜਸਟਿਸ ਮਨੋਜ ਮਿਸ਼ਰਾ ਅਤੇ ਜਸਟਿਸ ਐੱਸ ਵੀ ਐੱਨ ਭੱਟੀ ਦੀ ਬੈਂਚ ਨੇ ਇੱਕ ਪ੍ਰਾਈਵੇਟ ਕੋਚਿੰਗ ਸੈਂਟਰ ਅਤੇ ਕੁਝ ਨੀਟ ਉਮੀਦਵਾਰਾਂ ਵੱਲੋਂ ਹਾਲ ਹੀ ਵਿਚ ਦਾਇਰ ਪਟੀਸ਼ਨ 'ਤੇ ਐੱਨ ਟੀ ਏ ਨੂੰ ਨੋਟਿਸ ਜਾਰੀ ਕੀਤਾ। ਸੁਪਰੀਮ ਕੋਰਟ ਨੇ ਇਸ ਪਟੀਸ਼ਨ ਨੂੰ ਪੈਂਡਿੰਗ ਮਾਮਲਿਆਂ ਨਾਲ ਨੱਥੀ ਕਰਦਿਆਂ ਸੁਣਵਾਈ ਲਈ 8 ਜੁਲਾਈ ਨੂੰ ਸੂਚੀਬੱਧ ਕਰ ਦਿੱਤਾ ਹੈ।

## ਬੱਸ ਯਾਤਰੀਆਂ ਦੀ ਖੱਜਲ-ਖੁਆਰੀ ਤੁਰੰਤ ਬੰਦ ਕਰਨ ਦੀ ਤਾੜਨਾ

**ਚੰਡੀਗੜ੍ਹ (ਗੁਰਜੀਤ ਬਿੱਲਾ)**



ਪੰਜਾਬ ਦੇ ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਸਰਕਾਰੀ ਅਤੇ ਪ੍ਰਾਈਵੇਟ ਬੱਸ ਡਰਾਈਵਰਾਂ ਤੇ ਕੰਡਕਟਰਾਂ ਨੂੰ ਸੁਚੇਤ ਕੀਤਾ ਕਿ ਉਹ ਸਵਾਰੀਆਂ ਦੀ ਖੱਜਲ-ਖੁਆਰੀ ਤੁਰੰਤ ਬੰਦ ਕਰਨ। ਭੁੱਲਰ ਨੇ ਦੱਸਿਆ ਕਿ ਉਨ੍ਹਾ ਨੂੰ ਸੂਬੇ 'ਚ ਵੱਖ-ਵੱਖ ਥਾਵਾਂ ਦੇ ਦੌਰਿਆ ਦੌਰਾਨ ਅਤੇ ਦਫ਼ਤਰੀ ਫ਼ੋਨ 'ਤੇ ਈ-ਮੇਲ ਰਾਹੀਂ ਸ਼ਿਕਾਇਤਾਂ ਮਿਲ ਰਹੀਆਂ ਹਨ ਕਿ ਪੰਜਾਬ ਰੋਡਵੇਜ਼, ਪੀ ਆਰ ਟੀ ਸੀ ਅਤੇ ਪ੍ਰਾਈਵੇਟ ਬੱਸ ਅਪ੍ਰੇਟਰਾਂ ਦੇ ਡਰਾਈਵਰਾਂ ਅਤੇ ਕੰਡਕਟਰਾਂ ਵੱਲੋਂ ਸਵਾਰੀਆਂ ਨਾਲ ਮਾੜਾ ਵਿਹਾਰ ਕੀਤਾ ਜਾ ਰਿਹਾ ਹੈ। ਇਹ ਵੀ ਸੁਣਨ ਨੂੰ ਮਿਲਿਆ ਹੈ ਕਿ ਕਈ ਵਾਰ ਤਾਂ ਸਵਾਰੀਆਂ ਨਾਲ ਝਗੜਾ ਵੀ ਕੀਤਾ ਜਾਂਦਾ ਹੈ, ਜਿਸ ਸਬੰਧੀ ਆਏ ਦਿਨ ਸੋਸ਼ਲ ਮੀਡੀਆ 'ਤੇ ਵੀਡੀਓਜ਼ ਵੀ ਵਾਇਰਲ ਹੁੰਦੀਆਂ ਹਨ। ਇਹ ਵੀ ਸ਼ਿਕਾਇਤਾਂ ਪ੍ਰਾਪਤ ਹੋ ਰਹੀਆਂ ਹਨ ਕਿ ਸਰਕਾਰੀ ਅਤੇ ਪ੍ਰਾਈਵੇਟ ਬੱਸਾਂ ਦੇ ਡਰਾਈਵਰਾਂ/ਕੰਡਕਟਰਾਂ ਵੱਲੋਂ ਕਈ ਸਟਾਪਜ਼ 'ਤੇ ਬੱਸਾਂ ਵੀ ਨਹੀਂ ਰੋਕੀਆਂ ਜਾਂਦੀਆਂ ਅਤੇ ਸਵਾਰੀਆਂ ਨੂੰ ਬਣਦੇ ਸਟਾਪਜ਼ ਤੋਂ ਅੱਗੇ ਜਾਂ ਪਿੱਛੇ ਉਤਾਰ ਕੇ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ। ਭੁੱਲਰ ਨੇ ਆਮ ਲੋਕਾਂ ਦੀਆਂ ਸਮੱਸਿਆਵਾਂ ਦੇ ਮੱਦੇਨਜ਼ਰ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਹ ਨਿਰੰਤਰ ਚੈਕਿੰਗ ਵਧਾਉਣ ਅਤੇ ਵਿਭਾਗੀ ਪੱਧਰ 'ਤੇ ਸਰਕਾਰੀ ਬੱਸਾਂ ਦੇ ਡਰਾਈਵਰਾਂ/ ਕੰਡਕਟਰਾਂ ਨੂੰ ਤੁਰੰਤ ਖੇਤਰੀ ਦਫ਼ਤਰਾਂ ਰਾਹੀਂ ਸਵਾਰੀਆਂ ਨਾਲ ਉਚਿਤ ਵਿਹਾਰ ਕਰਨਾ ਯਕੀਨੀ ਬਣਾਉਣ। ਉਨ੍ਹਾ ਨਿਰਦੇਸ਼ ਦਿੱਤੇ ਕਿ ਡਰਾਈਵਰਾਂ ਤੇ ਕੰਡਕਟਰਾਂ ਨੂੰ ਨਿਰਧਾਰਤ ਬੱਸ ਸਟਾਪਜ਼ 'ਤੇ ਉਚਿਤ ਢੰਗ ਨਾਲ ਸਵਾਰੀਆਂ ਉਤਾਰਨ ਅਤੇ ਚੜ੍ਹਾਉਣ ਲਈ ਹਦਾਇਤਾਂ ਜਾਰੀ ਕੀਤੀਆਂ ਜਾਣ ਅਤੇ ਨਾਲ ਹੀ ਇਸ ਅਮਲ ਦੀ ਪੈਰਵੀ ਰੱਖਣੀ ਯਕੀਨੀ ਬਣਾਈ ਜਾਵੇ।

ਉਹਨਾ ਕਿਹਾ ਕਿ ਵਿਭਾਗ ਵੱਲੋਂ ਇਹ ਵੀ ਯਕੀਨੀ ਬਣਾਇਆ ਜਾਵੇ ਕਿ ਪ੍ਰਾਈਵੇਟ ਬੱਸ ਅਪ੍ਰੇਟਰਾਂ ਦੇ ਮਾਲਕਾਂ, ਉਨ੍ਹਾਂ ਦੇ ਪ੍ਰਾਈਵੇਟ ਪ੍ਰਬੰਧਕੀ ਅਦਾਰਿਆਂ ਨੂੰ ਆਮ ਸਵਾਰੀਆਂ ਨਾਲ ਉਚਿਤ ਵਿਹਾਰ ਕਰਨ ਅਤੇ ਆਪਣੇ ਡਰਾਈਵਰਾਂ/ਕੰਡਕਟਰਾਂ ਨੂੰ ਅਨੁਸ਼ਾਸਨ ਵਿੱਚ ਰਹਿਣ, ਸਵਾਰੀਆਂ ਨਾਲ ਮਿਲਵਰਤਣ ਰੱਖਣ ਸੰਬੰਧੀ ਹਦਾਇਤਾਂ ਜਾਰੀ ਕੀਤੀਆਂ ਜਾਣ।ਇਸ ਤੋਂ ਇਲਾਵਾ ਸਰਕਾਰੀ ਅਤੇ ਪ੍ਰਾਈਵੇਟ ਖੇਤਰਾਂ ਵਿੱਚ ਕੰਮ ਕਰਨ ਵਾਲੇ ਬੱਸ ਡਰਾਈਵਰਾਂ ਅਤੇ ਕੰਡਕਟਰਾਂ ਨੂੰ ਸਰਵਿਸ ਵਿੱਚ ਜੁਆਇਨ ਕਰਵਾਉਣ ਤੋਂ ਪਹਿਲਾਂ ਆਮ ਜਨਤਾ ਨਾਲ ਵਧੀਆ ਵਿਹਾਰ ਰੱਖਣ ਅਤੇ ਸੜਕੀ ਨਿਯਮਾਂ ਬਾਰੇ ਚੰਗੀ ਤਰ੍ਹਾਂ ਸਿੱਖਿਅਤ ਕਰਨ ਹਿੱਤ ਇੱਕ ਲਾਜ਼ਮੀ ਟ੍ਰੇਨਿੰਗ ਦੀ ਵਿਵਸਥਾ ਨੂੰ ਯਕੀਨੀ ਬਣਾਇਆ ਜਾਵੇ।

## ਕਾਮਰੇਡ ਅਕਲਪੁਰੀ ਨੇ ਜ਼ਿੰਦਗੀ ਚੰਗਾ ਸਮਾਜ ਸਿਰਜਣ ਦੇ ਲੇਖੇ ਲਾਈ

**ਹਮੇਸ਼ਾ ਪੰਜਾਬ ਦੇ ਫ਼ਿਕਰਾਂ ਦੀ ਬਾਂਹ ਫੜੀ ਰੱਖੀ : ਬੰਤ ਬਰਾੜ**

**ਸੰਘਰਸ਼ੀਆਂ 'ਚ ਨਵਾਂ ਜੋਸ਼ ਭਰਦੇ ਰਹੇ : ਪੰਨੂੰ**



**ਜਲੰਧਰ/ਫਿਲੌਰ (ਗਿਆਨ ਸੈਦਪੁਰੀ/ਨਿਰਮਲ)**

ਸੀ ਪੀ ਆਈ ਪੰਜਾਬ ਦੇ ਕੰਟਰੋਲ ਕਮਿਸ਼ਨ ਦੇ ਸਾਬਕਾ ਚੇਅਰਮੈਨ ਅਤੇ 'ਨਵਾਂ ਜ਼ਮਾਨਾ' ਦੀ ਸੰਚਾਲਕ ਸੰਸਥਾ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ ਦੇ ਮੈਂਬਰ ਕਾਮਰੇਡ ਸਵਰਨ ਸਿੰਘ ਅਕਲਪੁਰੀ ਨੂੰ ਫਿਲੌਰ ਨੇੜੇ ਪਿੰਡ ਅਕਲਪੁਰ 'ਚ ਵੀਰਵਾਰ ਵੱਖ-ਵੱਖ ਸਿਆਸੀ ਪਾਰਟੀਆਂ ਦੇ ਆਗੂਆਂ ਨੇ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਜਿੱਥੇ ਉਨ੍ਹਾ ਦੀ ਉੱਚ ਦੁਮਾਲੜੀ ਸਿਆਸੀ ਸ਼ਖਸੀਅਤ ਬਾਰੇ ਚਾਨਣਾ ਪਾਇਆ, ਉੱਥੇ ਉਨ੍ਹਾ ਵੱਲੋਂ ਚੰਗੇਰਾ ਸਮਾਜ ਸਿਰਜਣ ਦੇ ਕੀਤੇ ਗਏ ਉਪਰਾਲਿਆਂ ਨੂੰ ਚੇਤੇ ਕੀਤਾ। ਉਹ ਪਿਛਲੇ ਦਿਨੀਂ ਅਚਾਨਕ ਸਦੀਵੀ ਵਿਛੋੜਾ ਦੇ ਗਏ ਸਨ।

ਸੀ ਪੀ ਆਈ ਦੇ ਸੂਬਾ ਸਕੱਤਰ ਕਾਮਰੇਡ ਬੰਤ ਸਿੰਘ ਬਰਾੜ ਨੇ ਆਪਣੇ ਯੁੱਧ ਸਾਥੀ ਰਹੇ ਕਾਮਰੇਡ ਅਕਲਪੁਰੀ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਕਿਹਾ ਕਿ ਉਹ ਤਾ-ਜ਼ਿੰਦਗੀ ਭਾਈ ਲਾਲੋਆਂ ਦੀ ਧਿਰ ਦੇ ਹਾਮੀ ਰਹੇ। ਉਨ੍ਹਾ ਕਿਹਾ ਕਿ ਸਾਥੀ ਅਕਲਪੁਰੀ ਵਿਦਿਆਰਥੀ ਜੀਵਨ ਤੋਂ ਹੀ ਸੰਘਰਸ਼ਾਂ ਦੇ ਪਾਂਧੀ ਬਣ ਗਏ ਸਨ ਤੇ ਮੈਨੂੰ ਮਾਣ ਮਹਿਸੂਸ ਹੋ ਰਿਹਾ ਹੈ, ਇਹ ਚੇਤੇ ਕਰਕੇ ਕਿ ਅਸੀਂ ਇਕੱਠਿਆਂ ਨੇ ਕੰਮ ਕੀਤਾ ਸੀ। ਬਰਾੜ ਨੇ ਅਕਲਪੁਰੀ ਦੀ ਜੀਵਨ ਸਾਥਣ ਨੂੰ ਵੀ ਸੈਲਿਊਟ ਕੀਤਾ, ਜਿਨ੍ਹਾ ਦੇ ਸਹਿਯੋਗ ਸਦਕਾ ਉਹ ਲੋਕ-ਪੱਖੀ ਕੰਮ ਕਰ ਸਕੇ। ਉਨ੍ਹਾ ਕਿਹਾ ਕਿ ਸਾਥੀ ਅਕਲਪੁਰੀ ਨੇ ਹਮੇਸ਼ਾ ਹੀ ਪੰਜਾਬ ਦੇ ਫਿਕਰਾਂ ਦੀ ਬਾਂਹ ਫੜੀ ਰੱਖੀ। ਉਹ ਪੰਜਾਬ ਦੀ ਜਵਾਨੀ ਦੀ ਬਾਹਰਲੇ ਮੁਲਕਾਂ ਨੂੰ ਉਡਾਰੀ ਮਾਰਨ ਦੀ ਅੰਨ੍ਹੀ ਦੌੜ ਤੋਂ ਵੀ ਚਿੰਤਤ ਰਹਿੰਦੇ ਸਨ।

ਸੂਬਾ ਸਕੱਤਰ ਨੇ ਪੰਜਾਬ ਦੀਆਂ ਦੋਖੀ ਸ਼ਕਤੀਆਂ ਦੇ ਕਾਰਿਆਂ ਬਾਰੇ ਵਿਸਥਾਰ ਨਾਲ ਗੱਲ ਕਰਦਿਆ ਕਿਹਾ ਕਿ ਇਨ੍ਹਾਂ ਨੂੰ ਪਛਾੜਨ ਲਈ ਇੱਕਜੁਟਤਾ ਬਣਾ ਕੇ ਅੱਗੇ ਆਉਣਾ ਹੀ ਸਾਥੀ ਸਵਰਨ ਸਿੰਘ ਅਕਲਪੁਰੀ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ। ਸ਼੍ਰੋਮਣੀ ਪੱਤਰਕਾਰ ਤੇ ਉੱਘੇ ਵਿਸ਼ਲੇਸ਼ਕ ਜਤਿੰਦਰ ਪਨੂੰ

● ਬਾਕੀ ਸਫ਼ਾ 2 'ਤੇ

## ਅਰਚਨਾ ਮਕਵਾਨਾ ਆਕੜ ਗਈ



**ਵਡੋਦਰਾ** : ਵਿਸ਼ਵ ਯੋਗ ਦਿਵਸ ਵਾਲੇ ਦਿਨ ਸ੍ਰੀ ਦਰਬਾਰ ਸਾਹਿਬ ਦੀ ਪਰਿਕਰਮਾ ਵਿਚ ਯੋਗਾ ਕਰਨ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕੀਤੀ ਗਈ ਸ਼ਿਕਾਇਤ 'ਤੇ ਅੰਮ੍ਰਿਤਸਰ ਪੁਲਸ ਵੱਲੋਂ ਐੱਫ ਆਈ ਆਰ ਦਰਜ ਕਰਕੇ ਤਲਬ ਕਰਨ ਤੋਂ ਬਾਅਦ ਗੁਜਰਾਤ ਦੇ ਵਡੋਦਰਾ ਦੀ ਰਹਿਣ ਵਾਲੀ ਅਰਚਨਾ ਮਕਵਾਨਾ ਨੇ ਕਿਹਾ ਹੈ ਕਿ ਉਹ ਕਾਨੂੰਨੀ ਲੜਾਈ ਲੜਨ ਲਈ ਤਿਆਰ ਹੈ। ਅਰਚਨਾ ਮਕਵਾਨਾ ਦੀ ਇੱਕ ਨਵੀਂ ਵੀਡੀਓ ਸਾਹਮਣੇ ਆਈ ਹੈ ਜਿਸ 'ਚ ਉਹ ਕਹਿੰਦੀ ਹੋਈ ਨਜ਼ਰ ਆ ਰਹੀ ਹੈ—ਮੇਰੀ ਲੀਗਲ ਟੀਮ ਹਰ ਤਰ੍ਹਾਂ ਦੀ ਕਾਨੂੰਨੀ ਕਾਰਵਾਈ ਦਾ ਸਾਹਮਣਾ ਕਰਨ ਦੇ ਲਈ ਤਿਆਰ ਹੈ। ਜਦੋਂ ਮੈਂ ਯੋਗਾ ਕਰ ਰਹੀ ਸੀ ਤਾਂ ਸਾਰੇ ਸਿੱਖ ਉੱਥੇ ਮੌਜੂਦ ਸੀ, ਸਾਰੇ ਫੋਟੋ ਕਲਿੱਕ ਕਰਵਾ ਰਹੇ ਸੀ ਤਾਂ ਮੈਂ ਵੀ ਕੁਝ ਗਲਤ ਨਾ ਦੇਖਦੇ ਹੋਏ ਤਸਵੀਰਾਂ ਖਿੱਚੀਆਂ। ਉੱਥੇ ਖੜ੍ਹੇ ਕਿਸੇ ਵੀ ਸਿੱਖ ਨੂੰ ਕਿਸੇ ਵੀ ਤਰ੍ਹਾਂ ਦੀ ਕੋਈ ਠੇਸ ਨਹੀਂ ਪਹੁੰਚੀ, ਪਰ ਸੱਤ ਸਮੁੰਦਰ ਪਾਰ ਕਿਸੇ ਨੇ ਮਹਿਸੂਸ ਕੀਤਾ ਕਿ ਮੈਂ ਕੁਝ ਗਲਤ ਕੀਤਾ ਹੈ ਤਾਂ ਉਸ ਨੇ ਮੇਰੀ ਤਸਵੀਰ ਨੈਗੇਟਿਵ ਤਰੀਕੇ ਨਾਲ ਵਾਇਰਲ ਕਰ ਦਿੱਤੀ। ਜਿਸ ਤੋਂ ਬਾਅਦ ਮੇਰੇ ਖਿਲਾਫ ਸ਼੍ਰੋਮਣੀ ਕਮੇਟੀ ਨੇ ਬੇਬੁਨਿਆਦ ਐੱਫ ਆਈ ਆਰ ਦਰਜ ਕਰਵਾ ਦਿੱਤੀ। ਮੇਰੇ ਖਿਲਾਫ ਇਹ ਬੇਕਾਰ ਐੱਫ ਆਈ ਆਰ ਰੱਦ ਕੀਤੀ ਜਾਵੇ ਨਹੀਂ ਤਾਂ ਮੈਂ ਅਤੇ ਮੇਰੀ ਕਾਨੂੰਨੀ ਟੀਮ ਹਰ ਤਰ੍ਹਾਂ ਦੀ ਲੜਾਈ ਲੜਨ ਦੇ ਲਈ ਤਿਆਰ ਹਾਂ।

## ਨੀਟ ਪੇਪਰ ਲੀਕ ਮਾਮਲੇ 'ਚ 2 ਗ੍ਰਿਫ਼ਤਾਰ

**ਨਵੀਂ ਦਿੱਲੀ** : ਨੀਟ ਯੂ ਜੀ ਪੇਪਰ ਲੀਕ ਮਾਮਲੇ ਵਿਚ ਸੀ ਬੀ ਆਈ ਨੇ ਪਟਨਾ ਤੋਂ ਦੋ ਵਿਅਕਤੀਆਂ ਨੂੰ ਹਿਰਾਸਤ ਵਿਚ ਲਿਆ ਹੈ। ਅਧਿਕਾਰੀਆਂ ਨੇ ਕਿਹਾ ਕਿ ਮਨੀਸ਼ ਕੁਮਾਰ ਅਤੇ ਆਸ਼ੂਤੋਸ਼ ਕੁਮਾਰ ਨੇ ਕਥਿਤ ਤੌਰ 'ਤੇ ਉਮੀਦਵਾਰਾਂ ਨੂੰ ਸੁਰੱਖਿਅਤ ਥਾਂ ਮੁਹੱਈਆ ਕਰਵਾਈ, ਜਿੱਥੇ ਉਨ੍ਹਾਂ ਨੂੰ ਪ੍ਰੀਖਿਆ ਪੱਤਰ ਅਤੇ ਉੱਤਰ ਪੱਤਰੀਆਂ ਦਿੱਤੀਆਂ ਗਈਆਂ। ਪੇਪਰ ਲੀਕ ਮਾਮਲੇ ਵਿਚ ਸੀ ਬੀ ਆਈ ਵੱਲੋਂ 6 ਐੱਫ ਆਈ ਆਰ ਦਰਜ ਕੀਤੀਆਂ ਗਈਆਂ ਹਨ।

## ਅੱਜ-ਨਾਮਾ

ਰੱਫੜ ਅਕਾਲੀਆਂ ਦਾ, ਚਰਚਾ ਭਾਜਪਾ ਦੀ,
ਲਾਇਆ ਸਾਜ਼ਿਸ਼ ਦਾ ਜਾਂਦਾ ਹੈ ਦੋਸ਼ ਬੇਲੀ।
ਵਰਤੇ ਵਿਸ਼ੇਸ਼ਣ ਵੀ ਇਹੋ ਜਿਹੇ ਖਾਸ ਹੁੰਦੇ,
ਲੱਭਦਾ ਜਿਨ੍ਹਾਂ ਦਾ ਨਹੀਂ ਸ਼ਬਦ-ਕੋਸ਼ ਬੇਲੀ।
ਦੂਸਰੀ ਧਿਰ ਸਭ ਤੁਰੇ ਝੁਕਾਉਣ ਦੇ ਲਈ,
ਚੜ੍ਹਿਆ ਜੰਗਾਂ ਤੋਂ ਬਾਹਲਾ ਈ ਜੋਸ਼ ਬੇਲੀ।
ਨੀਵੀਂ ਪੱਧਰ ਨਹੀਂ ਛੂਹਣ ਤੋਂ ਕੋਈ ਰਹਿੰਦਾ,
ਮਾਰੀ ਗਈ ਮੱਤ ਜਾਂ ਭੁੱਲੀ ਪਈ ਹੋਸ਼ ਬੇਲੀ।
ਇੱਕੋ ਈ ਪਾਰਟੀ ਤੇ ਇੱਕੋ ਈ ਟੀਮ ਜਿਹੜੀ,
ਬਣੇ ਪਏ ਖ਼ੂਨ ਦੇ ਪਿਆਸੇ ਕਈ ਅੱਜ ਬੇਲੀ।
ਹਲੀਮੀ ਵਾਲੀ ਨਹੀਂ ਕਿਤੋਂ ਵੀ ਸੁਰ ਨਿਕਲੀ,
ਬਰਸਾਤੀ ਬੱਦਲ ਦੇ ਵਾਂਗਰ ਰਹੇ ਗੱਜ ਬੇਲੀ।

-ਤੀਸ ਮਾਰ ਖਾਂ

## ਕਾਮਰੇਡ ਬਲਵਿੰਦਰ ਸੰਧੂ ਰੋਡਵੇਜ਼ ਕਾਮਿਆਂ ਦੇ ਹੀ ਨਹੀਂ, ਸਮੁੱਚੀ ਕਿਰਤੀ ਜਮਾਤ ਦੇ ਆਗੂ ਸਨ : ਜਗਰੂਪ, ਚਾਹਲ

**ਮੋਗਾ (ਇਕਬਾਲ ਸਿੰਘ ਖਹਿਰਾ)**

ਪੰਜਾਬ ਗੌਰਮਿੰਟ ਟਰਾਂਸਪੋਰਟ ਵਰਕਰਜ਼ ਯੂਨੀਅਨ (ਏਟਕ) ਦੇ ਸੂਬਾਈ ਪ੍ਰਧਾਨ ਕਾਮਰੇਡ ਬਲਵਿੰਦਰ ਸਿੰਘ ਸੰਧੂ ਦੀ 21ਵੀਂ ਬਰਸੀ ਬੱਸ ਸਟੈਂਡ ਮੋਗਾ ਵਿੱਚ ਸ਼ਹੀਦ ਨਛੱਤਰ ਸਿੰਘ ਧਾਲੀਵਾਲ ਭਵਨ ਵਿੱਚ ਜੋਸ਼ੋ-ਖਰੋਸ਼ ਨਾਲ ਮਨਾਈ ਗਈ। ਸਮਾਗਮ ਵਿੱਚ ਪੰਜਾਬ ਰੋਡਵੇਜ਼/ਪਨਬੱਸ ਦੇ ਵਰਕਰਾਂ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਪੈਨਸ਼ਨਰਜ਼, ਬਿਜਲੀ ਮੁਲਾਜ਼ਮ, ਕਲਾਸ ਫੋਰ ਦੇ ਕਾਮੇ, ਅਧਿਆਪਕ, ਨਰੇਗਾ ਕਾਮੇ, ਆਂਗਣਵਾੜੀ ਅਤੇ ਆਸ਼ਾ ਵਰਕਰਾਂ ਨੇ ਹਿੱਸਾ ਲਿਆ। ਬਰਸੀ ਸਮਾਗਮ ਵਿੱਚ ਵਿਸ਼ੇਸ਼ ਤੌਰ 'ਤੇ ਪਹੁੰਚੇ ਕਾਮਰੇਡ ਜਗਰੂਪ ਨੇ ਕਿਹਾ ਕਿ ਕਾਮਰੇਡ ਬਲਵਿੰਦਰ ਸਿੰਘ ਸੰਧੂ ਨਾ ਸਿਰਫ਼ ਰੋਡਵੇਜ਼ ਕਾਮਿਆ ਦੇ, ਸਗੋਂ ਸਮੁੱਚੀ ਕਿਰਤੀ ਜਮਾਤ ਦੇ ਆਗੂ ਸਨ। ਇਸੇ ਕਰਕੇ ਭਾਵੇਂ ਉਹਨਾ ਨੂੰ ਸਾਥੋਂ ਵਿਛੜਿਆਂ 21 ਸਾਲ ਹੋ ਗਏ ਹਨ, ਪਰ ਉਨ੍ਹਾ ਦੀ ਬਰਸੀ ਮਨਾਉਣ ਦਾ ਉਤਸ਼ਾਹ ਹਰ ਤਰ੍ਹਾਂ ਦੇ ਲੋਕਾਂ ਵਿੱਚ ਵੇਖਣ ਨੂੰ ਮਿਲਦਾ ਹੈ। ਕਾਮਰੇਡ ਜਗਰੂਪ ਨੇ ਲੰਘੀਆਂ ਲੋਕ ਸਭਾ ਚੋਣਾਂ ਬਾਰੇ ਕਿਹਾ ਕਿ ਅੱਜ ਦੇਸ਼ ਭਰ ਵਿੱਚ ਮੁੱਖ ਮੁੱਦਾ ਬੇਰੁਜ਼ਗਾਰੀ ਅਤੇ ਮਹਿੰਗਾਈ ਹੈ, ਪਰ

**ਮੋਗਾ 'ਚ ਜੋਸ਼ੋ-ਖਰੋਸ਼ ਨਾਲ ਮਨਾਈ 21ਵੀਂ ਬਰਸੀ**



ਕਾਮਰੇਡ ਬਲਵਿੰਦਰ ਸੰਧੂ ਦੀ ਬਰਸੀ ਮੌਕੇ ਉਨ੍ਹਾ ਦੀ ਤਸਵੀਰ 'ਤੇ ਫੁੱਲ ਮਾਲਾਵਾਂ ਭੇਟ ਕਰਦੇ ਹੋਏ ਕਿਰਤੀ ਜਮਾਤ ਦੇ ਆਗੂ।

ਸੱਤਾਧਾਰੀ ਧਿਰ ਨੇ ਚੋਣਾਂ ਵਿੱਚ ਇਸ ਮੁੱਦੇ ਨੂੰ ਅੱਖੋਂ-ਪਰੋਖੇ ਕਰਕੇ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਵਰਤਦੇ ਹੋਏ ਰਾਮ ਮੰਦਰ ਅਤੇ ਹਿੰਦੂਤਵ ਦੇ ਮੁੱਦਿਆਂ ਨੂੰ ਉਭਾਰ ਕੇ ਵੋਟਾਂ ਬਟੋਰਨ ਲਈ ਲੋਕਾਂ ਨੂੰ ਗੁੰਮਰਾਹ ਕਰਨ ਦੀ ਕੋਸ਼ਿਸ਼ ਕੀਤੀ, ਜਿਸ ਦਾ ਸਿੱਟਾ ਇਹ ਨਿਕਲਿਆ ਕਿ ਜਿਹੜੀ ਸਰਕਾਰ 400 ਤੋਂ ਪਾਰ ਦਾ ਨਾਅਰਾ ਦੇ ਰਹੀ ਸੀ, ਉਸ ਨੂੰ ਲੋਕਾਂ ਨੇ ਹੁਣ ਫੌਹੜੀਆਂ ਦੇ ਆਸਰੇ ਚੱਲਣ ਲਈ ਮਜਬੂਰ ਕਰ ਦਿੱਤਾ ਹੈ।

ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਦੇ ਪ੍ਰਮੁੱਖ ਆਗੂਆਂ ਰਣਜੀਤ ਸਿੰਘ ਰਾਣਵਾਂ, ਚਰਨ ਸਿੰਘ ਸਰਾਭਾ, ਪ੍ਰੇਮ ਚਾਵਲਾ ਅਤੇ ਭੁਪਿੰਦਰ ਸਿੰਘ ਸੇਖੋਂ ਨੇ ਕਾਮਰੇਡ ਬਲਵਿੰਦਰ ਸਿੰਘ ਸੰਧੂ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਕਿਹਾ ਕਿ ਜਿਹੜੀਆਂ ਸਰਕਾਰਾਂ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੇ ਮਸਲਿਆ ਦੀ ਅਣਦੇਖੀ ਕਰਦੀਆਂ ਹਨ, ਚਾਹੇ ਉਹ ਕੇਂਦਰ ਦੀ ਸਰਕਾਰ ਹੋਵੇ ਜਾਂ ਪੰਜਾਬ ਸਰਕਾਰ ਹੋਵੇ, ਉਹਨਾਂ ਦਾ ਹਸ਼ਰ ਲੰਘੀਆਂ ਲੋਕ ਸਭਾ ਦੀਆਂ ਚੋਣਾਂ ਦੇ ਨਤੀਜਿਆਂ ਵਰਗਾ ਹੀ ਹੋਵੇਗਾ। ਜੇਕਰ ਪੰਜਾਬ ਸਰਕਾਰ ਨੇ ਅਜੇ ਵੀ ਸਬਕ ਨਾ ਸਿੱਖਿਆ ਤਾਂ ਪੰਜਾਬ ਦੇ ਮੁਲਾਜ਼ਮ ਅਤੇ ਪੈਨਸ਼ਨਰਜ਼ ਜਲੰਧਰ ਦੀ ਜ਼ਿਮਨੀ ਚੋਣ ਵਿੱਚ ਸਬਕ ਸਿਖਾਉਣ ਲਈ 6 ਜੁਲਾਈ ਨੂੰ ਜਲੰਧਰ ਦੇ ਹਲਕੇ ਵਿੱਚ ਝੰਡਾ ਮਾਰਚ ਕਰਕੇ ਸਰਕਾਰ ਨੂੰ ਮਸਲਿਆਂ ਦਾ ਹੱਲ ਕਰਨ ਲਈ ਮਜਬੂਰ ਕਰ ਦੇਣਗੇ।

ਸੀ ਪੀ ਆਈ ਦੇ ਜ਼ਿਲ੍ਹਾ ਸਕੱਤਰ ਕੁਲਦੀਪ ਭੋਲਾ ਅਤੇ ਡਾ. ਇੰਦਰਵੀਰ ਗਿੱਲ ਨੇ ਕਾਮਰੇਡ ਸੰਧੂ ਦੀਆਂ ਸਮਾਜ ਪ੍ਰਤੀ ਨਿਭਾਈਆਂ ਜ਼ਿੰਮੇਵਾਰੀਆਂ ਦਾ ਜ਼ਿਕਰ ਕਰਦਿਆ ਕਿਹਾ ਕਿ ਅੱਜ ਨਾ ਸਿਰਫ਼ ਪੰਜਾਬ ਸਗੋਂ ਦੇਸ਼-ਵਿਦੇਸ਼ ਵਿੱਚ ਵੀ ਉਹਨਾ ਨੂੰ ਚਾਹੁਣ ਵਾਲਿਆਂ ਦੀ ਕਮੀ ਨਹੀਂ ਹੈ। ਕਾਮਰੇਡ ਸੰਧੂ ਵਿੱਚ ਹਰ ਵਰਗ, ਹਰ ਉਮਰ ਦੇ ਲੋਕਾਂ ਵਿੱਚ ਘੁਲਮਿਲ ਜਾਣ ਦਾ ਵਿਸ਼ੇਸ਼ ਗੁਣ ਸੀ। ਬਰਸੀ ਸਮਾਗਮ ਵਿੱਚ ਗੌਰਮਿੰਟ ਟਰਾਂਸਪੋਰਟ ਵਰਕਰਜ਼ ਯੂਨੀਅਨ ਦੇ ਜਨਰਲ ਸਕੱਤਰ ਜਗਦੀਸ਼ ਚਾਹਲ, ਗੁਰਜੀਤ ਸਿੰਘ ਘੋੜੇਵਾਹ, ਅਵਤਾਰ ਸਿੰਘ ਤਾਰੀ ਤੇ ਗੁਰਜੰਟ ਸਿੰਘ ਕੋਕਰੀ ਨੇ ਕਿਹਾ ਕਿ ਅੱਜ ਜਦੋਂ ਅਸੀਂ ਪਬਲਿਕ ਅਦਾਰਿਆਂ

● ਬਾਕੀ ਸਫ਼ਾ 2 'ਤੇ

28-JUNE-PAGE-5.qxd 6/27/2024 9:15 PM Page 2



# THE JULLUNDUR CENTRAL CO-OPERATIVE BANK LIMITED, JALANDHAR

# Balance Sheet As at 31st March, 2024

## AUDITORS' REPORT

To
The Members
The Jullundur Central Co-Operative Bank Limited
Head Office
Jalandhar

**Report on the Financial Statements**

We have audited the accompanying financial statements of **THE JULLUNDUR CENTRAL CO- OPERATIVE BANK LIMITED**, which comprise the Balance Sheet as at March 31, 2024 and the Statement of Profit and Loss for the year then ended, and a summary of significant accounting policies and other explanatory information.

**Management's Responsibility for the Financial Statements**

The bank's management is responsible for the preparation of these financial statements that give a true and fair view of the financial position & financial performance of the bank in accordance with the Accounting Standards issued by ICAI and in accordance with the accounting principles generally accepted in India. This responsibility includes the design, implementation and maintenance of internal control relevant to the preparation and presentation of the financial statements that give a true and fair view and are free from material misstatement, whether due to fraud or error.

**Auditor's Responsibility**

Our responsibility is to express an opinion on these financial statements based on our audit. We conducted our audit in accordance with the Standards on Auditing issued by the Institute of Chartered Accountants of India. Those Standards require that we comply with ethical requirements and plan and perform the audit to obtain reasonable assurance about whether the financial statements are free from material misstatement.

An audit involves performing procedures to obtain audit evidence about the amounts and disclosures in the financial statements. The procedures selected depend on the auditor's judgment, including the assessment of the risks of material misstatement of the financial statements, whether due to fraud or error. In making those risk assessments, the auditor considers internal control relevant to the Company's preparation and fair presentation of the financial statements in order to design audit procedures that are appropriate in the circumstances. An audit also includes evaluating the appropriateness of accounting policies used and the reasonableness of the accounting estimates made by management, as well as evaluating the overall presentation of the financial statements. We believe that the audit evidence we have obtained is sufficient and appropriate to provide a basis for our audit opinion.

**Opinion**

In our opinion, and to the best of our information and according to the explanations given to us, the said accounts read with the Significant Accounting Policies and Notes thereon, give the information in the manner so required. We further report that the said accounts give a true and fair view in conformity with the accounting principles generally accepted in **India:**

a. In the case of Balance Sheet read with annexure of observations to this report, of the state of affairs of the company as at 31st March 2024

b. In the case of Profit and Loss Account read with annexure of observations to this report, of the Profit/loss for the year ended on that date, and

c. In the case of Cash Flow Statement, of the cash flows for the year ended on that date.

**Report on Regulatory Matters:-**

On the basis of audit procedure indicated above and as required by Section 31 of the Banking Regulation Act, 1949 (as applicable to State and District Central Co-Operative Banks) and Subject to our comments in the **Annexure** we report that:-

a) We have obtained all the information and explanations, which to the best of our knowledge and belief were necessary for the purposes of our audit and have found them to be satisfactory

b) The transactions of the bank which have come to our notice have been within the competence of the bank.

c) In our opinion, proper books of account as required by Law have been kept by the bank so far, as appears from our examination of those books and proper returns adequate for the purpose of our audit have been received from the branches of the bank.

d) The Balance Sheet and Profit & Loss Account dealt with by this report are in agreement with the books of account and are drawn up in conformity with the law.

e) The financial statements are prepared on the basis of generally accepted accounting principles except some departures from accounting standards issued by the Institute of Chartered Accountants of India, as mentioned in **annexure To the auditors report.**

**PLACE: JALANDHAR**
**DATE: 15-06-2024**

**FOR ABHILASHI & CO.**
**CHARTERED ACCOUNTANTS**

**PARTNER**
____sd____
**Sushma Mogla**
**Membership NO. 097132**

### THE JULLUNDUR CENTRAL COOPERATIVE BANK LIMITED
### JALANDHAR
### BALANCE SHEET as on 31st March 2024

| Figures as on 31-03-2023 | | CAPITAL & LIABILITIES | Figures as on 31-03-2024 | |
|---|---|---|---|---|
| | 1 | **CAPITAL** | | |
| | i) | Authorised Capital | | |
| 150,000,000.00 | | 15000 (Previous year -15000)Equity Shares of Rs. 10000 each | 150,000,000.00 | |
| | ii) | Issued,Subscribed Capital | | |
| 123,180,000.00 | | 12319* share (Previous Year-12319)* of Rs. 10000 each | 123,190,000.00 | |
| | iii) | Called Up | | |
| 118,198,025.00 | | 12319 Shares of Rs. 10000 called up and | 118,198,025.00 | |
| | | on 683 Share Rs. 1833025 less | | |
| | | called up (683*10000=6830000-1883025=4991975) | | |
| | | (*Note :- The above no of shares included 100 shares of | | |
| | | State Govt) | | |
| | | Of (iii) above held by :- | | |
| | a) | Individuals | | |
| 117,198,025.00 | b) | Cooperative Institutions | 117,198,025.00 | |
| 1,000,000.00 | c) | State Government | 1,000,000.00 | **118,198,025.00** |
| | 2 | **RESERVE FUND & OTHER RESERVES** | | |
| 598,577,003.45 | i) | Statutory Reserve | 607,544,734.45 | |
| 315,206,758.75 | ii) | Agriculture Credit Stablisation Fund | 329,908,756.75 | |
| 101,503,693.03 | iii) | Building Fund | 105,535,276.03 | |
| 119,506,312.59 | iv) | Bad and Doubtful Debt Reserve | 128,577,374.59 | |
| 11,888,244.29 | v) | Investment Depreciation Fund | 11,981,127.90 | |
| | vi) | Other Funds and Reserve | | |
| 31,550,673.00 | | i) Common Good Fund | 31,738,260.00 | |
| 420,163.33 | | ii) Share Transfer Fund | 420,163.33 | |
| 5,036,908.17 | | iii) Primary Cooperative vikas Fund | 4,599,437.17 | |
| 869,299.00 | | iv) Cooperative Development Fund | 0.00 | |
| 500,000.00 | | v) Cooperative Edu And Training Fund | 0.00 | |
| 312,495,000.00 | | vi) Provision for Bad & Doubtful Debt as per IT | 397,095,000.00 | |
| 816,315.44 | | vii) Special Bad Debts Res (Apex Bank) | 880,988.44 | |
| 125,940,784.02 | | viii) Provision for NPA (IRAC) | 267,940,784.02 | **1,886,221,902.68** |
| | 3 | **PRINCIPAL/SUBSIDIARY STATE PARTNERSHIP CAPITAL FUND** | | |
| | | For Share Capital of : | | |
| 0.00 | i) | Central Cooperative Bank | 0.00 | |
| 0.00 | II) | Primary Agri. Credit Societies | 0.00 | |
| 0.00 | III) | Other Societies | 0.00 | |
| | 4 | **DEPOSITS & OTHER ACCOUNTS** | | |
| | I) | FIXED DEPOSIT | | |
| 0.00 | a) | Central Cooperative Banks | 0.00 | |
| 6,986,519,922.63 | b) | Individual | 7,630,127,340.43 | |
| 4,517,029,615.24 | c) | Other Societies | 4,765,983,475.39 | **12,396,110,815.82** |
| | II) | SAVING BANK DEPOSIT | | |
| 0.00 | a) | Central Cooperative Banks | 0.00 | |
| 7,455,821,727.89 | b) | Individual | 7,014,666,085.35 | |
| 626,688,796.28 | c) | Other Societies | 782,825,120.01 | **7,797,491,205.36** |
| | III) | CURRENT DEPOSITS | | |
| 0.00 | a) | Central Cooperative Banks | 0.00 | |
| 58,134,346.82 | b) | Individual | 59,506,220.46 | |
| 22,758,469.98 | c) | Other Societies | 23,556,539.95 | **83,062,760.41** |
| | | **Total Deposit** | | **20,276,664,781.59** |
| 0.00 | IV) | MONEY AT CALL & SHORT NOTICE | 0.00 | |
| **21,409,462,058.91** | | **TOTAL CARRIED OVER** | | **22,281,084,709.27** |

| Figures as on 31-03-2023 | | CAPITAL & LIABILITIES | Figures as on 31-03-2024 | |
|---|---|---|---|---|
| **21,409,462,058.91** | | **TOTAL BROUGHT FORWARD** | | **22,281,084,709.27** |
| | 5 | **BORROWINGS** | | |
| | I) | FROM THE RBI/THE NATIONAL BANK/STATE/CENTRAL | | |
| | | COOPERATIVE BANKS | | |
| | A) | SHORT TERM LOANS | | |
| | | Cash Credits & Overdrafts of which secured against: | | |
| 1,300,000,000.00 | a) | Govt. & Other approved Securities | 900,000,000.00 | |
| 0.00 | b) | Other Tangible Securities | 0.00 | |
| | B) | MEDIUM TERM LOANS of which secured against: | | |
| 135,522,266.68 | a) | Govt. & Other approved Securities | 140,077,800.00 | |
| 0.00 | b) | Other Tangible Securities | 0.00 | |
| | C) | LONG TERM LOANS of which secured against: | | |
| 17,549,200.00 | a) | Govt. & Other approved Securities | 11,309,200.00 | |
| | b) | Other Tangible Securities | | |
| 0.00 | II) | FROM THE STATE BANK OF INDIA | 0.00 | |
| | A) | SHORT TERM LOANS | | |
| | | Cash Credits & Overdrafts of which secured against: | | |
| 0.00 | a) | Govt. & Other approved Securities | 0.00 | |
| 0.00 | b) | Other Tangible Securities | 0.00 | |
| | B) | MEDIUM TERM LOANS of which secured against: | | |
| 0.00 | a) | Govt. & Other approved Securities | 0.00 | |
| 0.00 | b) | Other Tangible Securities | 0.00 | |
| | C) | LONG TERM LOANS of which secured against: | | |
| | | of which secured against: | | |
| 0.00 | a) | Govt. & Other approved Securities | 0.00 | |
| 0.00 | b) | Other Tangible Securities | 0.00 | |
| | III) | FROM THE STATE GOVERNMENT | | |
| | A) | SHORT TERM LOANS | | |
| | | Cash Credits & Overdrafts of which secured against: | | |
| 0.00 | a) | Govt. & Other approved Securities | 0.00 | |
| 0.00 | b) | Other Tangible Securities | 0.00 | |
| | B) | MEDIUM TERM LOANS of which secured against: | | |
| 0.00 | a) | Govt. & Other approved Securities | 0.00 | |
| 0.00 | b) | Other Tangible Securities | 0.00 | |
| | C) | LONG TERM LOANS of which secured against: | | |
| 0.00 | a) | Govt. & Other approved Securities | 0.00 | |
| 0.00 | b) | Other Tangible Securities | 0.00 | |
| | IV) | LOAN FROM OTHER SOURCES | | |
| 782,500,000.00 | a) | SHORT TERM LAONS | 0.00 | |
| | | (From Other Banks) | | |
| 0.00 | b) | MEDIUM TERM LOANS | 0.00 | |
| 552,893.00 | C) | LONG TERM LOANS (PB LAHORE) | 552,893.00 | **1,051,939,893.00** |
| **23,645,586,418.59** | | **TOTAL CARRIED OVER** | | **23,333,024,602.27** |

| Figures as on 31-03-2023 | | CAPITAL & LIABILITIES | Figures as on 31-03-2024 | |
|---|---|---|---|---|
| **23,645,586,418.59** | | **TOTAL BROUGHT FORWARD** | | **23,333,024,602.27** |
| 3,940,171.74 | 6 | **Bills for Collection being bills receivable as per contra** | 18,881,278.08 | **18,881,278.08** |
| 0.00 | 7 | **Branch Adjustments** | 0.00 | **0.00** |
| 13,944,790.75 | 8 | **Overdue Interest Reserves** | 13,944,790.75 | **13,944,790.75** |
| 126,302,279.56 | 9 | **Interest Payable** | 121,917,048.60 | **121,917,048.60** |
| | 10 | **Other Liabilities** | | |
| 17,715,904.70 | I) | Bills Payable | 7,404,245.14 | |
| 673,119.10 | II) | Sundries | 192,828.44 | |
| 108,940,274.00 | III) | Leave Salary Contribution (CC & NCC) | 135,319,826.00 | |
| 2,690,439.96 | VI) | Outgoing Payable | 4,692,391.95 | |
| 40,942,972.71 | VII) | Suspended Interest on Loans | 57,577,298.83 | |
| 6,053.00 | XIV) | Provision/Rent Recoverable | 0.00 | |
| 55,641,161.00 | XV) | Provision for Leave Encashment | 1,971,097.00 | |
| 1,668,488.00 | XVI) | Provision for Gratuity | 0.00 | |
| 78,486,555.00 | XVII) | Provision for Income Tax | 79,886,555.00 | |
| 68,786,057.60 | XVIII) | Other Provision (Fraud Embezzelments, Dacoity etc) | 70,011,048.60 | |
| 9,744,429.94 | XIX) | Misc. Payable | 6,169,528.58 | **363,224,819.54** |
| | 11 | **PROFIT AND LOSS** | | |
| 27,292,703.05 | | Profit as per last Balance Sheet | 33,596,524.61 | |
| 27,292,703.05 | | Less : Appropriations | 33,596,524.61 | |
| 33,596,524.61 | | Add : Profit for the year brought | 39,938,325.08 | **39,938,325.08** |
| | | from the Profit & Loss Account | | |
| **24,204,725,468.52** | | **TOTAL** | | **23,872,049,586.24** |
| | | **CONTINGENT LIABILITIES** | | |
| **0.00** | I) | Outstanding Liabilities for guarantees Issued | | **0.00** |
| **64,277,291.00** | II) | Balance of DEAF | | **198,686,618.00** |
| **0.00** | III) | Others (TDS Demand Outstanding) | | **0.00** |

### THE JULLUNDUR CENTRAL COOPERATIVE BANK LIMITED
### JALANDHAR
### BALANCE SHEET as on 31st March 2024

| Figures as on 31-03-2023 | | PROPERTY AND ASSETS | Figures as on 31-03-2024 | |
|---|---|---|---|---|
| | 1 | **CASH** | | |
| | | Cash in Hand & with RBI , SBI, State Cooperative Banks, | | |
| 326,540,087.38 | | Central Cooperative Banks | 632,426,445.85 | **632,426,445.85** |
| | 2 | **BALANCES WITH OTHER BANKS** | | |
| 613,278,781.90 | I) | Current Deposits | 346,786,827.11 | |
| 0.00 | II) | Savings Deposits | 0.00 | |
| 0.00 | III) | Fixed Deposits | 0.00 | **346,786,827.11** |
| 11,222,000,000.00 | 3 | **MONEY AT CALL & SHORT NOTICE** | 10,896,100,000.00 | **10,896,100,000.00** |
| | 4 | **INVESTMENTS** | 5,717,052,788.44 | |
| | I) | Central & State Govt. Securities | | |
| | | (At Book value) | | |
| | | Face/Market Value | | |
| 4,870,800,000.00 | | Book Value | 4,870,920,000.00 | |
| 676,921,315.44 | II) | Other Trustee Securities | 705,085,988.44 | |
| 76,046,800.00 | III) | Shares in Cooperative Institutions | 76,046,800.00 | |
| 65,000,000.00 | IV) | Investment in Non-SLR | 65,000,000.00 | **5,717,052,788.44** |
| | 5 | **INVESTMENT OUT OF THE PRINCIPAL/ SUBSIDIARY STAT** | | |
| | | PARTNERSHIP FUND | | |
| 0.00 | I) | Central Cooperative Bank | 0.00 | |
| 0.00 | II) | Primary Agriculture Credit Societies | 0.00 | |
| 0.00 | III) | Other Societies | 0.00 | |
| | 6 | **ADVANCES** | | |
| 3,870,019,855.35 | I) | SHORT TERM LOANS | 3,933,543,833.88 | |
| | | Cash Credits, Overdrafts and Bills discounted | | |
| | | of which Secured against | | |
| | a) | Govt. and other approved securities | | |
| | b) | Other tangible Securities, of the advances due from | | |
| | | Individuals | | |
| | | of which advances amount | | |
| | | Overdue | | |
| | | Considered Bad & Doubtful of Recovery | | |
| | | (NPA as per Annexure 'A') | | |
| 1,302,822,626.19 | II) | MEDIUM TERM LOANS | 1,199,146,975.05 | |
| | | of which Secured against | | |
| | a) | Govt. and other approved securities | | |
| | b) | Other tangible Securities, of the advances due from | | |
| | | Individuals | | |
| | | of which advances amount | | |
| | | Overdue | | |
| | | Considered Bad & Doubtful of Recovery | | |
| | | (NPA as per Annexure 'A') | | |
| 108,052,861.49 | III) | LONG TERM LOANS | 100,875,367.16 | |
| | | of which Secured against | | |
| | a) | Govt. and other approved securities | | |
| | b) | Other tangible Securities , of the advances due from | | |
| | | Individuals | | |
| | | of which advances amount | | |
| | | Overdue | | |
| | | Considered Bad & Doubtful of Recovery | | |
| | | (NPA as per Annexure 'A') | | **5,233,566,176.09** |
| **23,131,482,327.75** | | **TOTAL CARRIED OVER** | | **22,825,932,237.49** |

| Figures as on 31-03-2023 | | PROPERTY AND ASSETS | Figures as on 31-03-2024 | |
|---|---|---|---|---|
| **23,131,482,327.75** | | **TOTAL BROUGHT FORWARD** | | **22,825,932,237.49** |
| | 7 | **INTEREST RECEIVABLE** | | |
| | | of which Overdue | | |
| 0.00 | | Considered Bad & Doubtful of Recovery | 0.00 | |
| | 8 | **BILLS RECEIVABLE** | | |
| 3,940,171.74 | | Being Bills for Collection as per contra | 18,881,278.08 | **18,881,278.08** |
| **0.00** | 9 | **BRANCH ADJUSTMENT** | 0.00 | |
| 3,262,399.58 | 10 | **PREMISES** | 2,936,159.93 | **2,936,159.93** |
| 19,035,715.27 | 11 | **FURNITURE & FIXTURE** | 17,109,373.47 | **17,109,373.47** |
| | 12 | **OTHER ASSETS** | | |
| 12,481,162.67 | I) | Generator & Machinary | 10,710,399.11 | |
| 182,702.66 | II) | Computer | 158,519.48 | |
| 711,752,312.14 | III) | Interest Accrued | 723,776,425.50 | |
| 96,457,500.00 | IV) | Tax paid in advance/tax deducted at source (net of provi | 99,249,908.00 | |
| 6,291,950.02 | V) | Stationery and stamps | 7,956,754.15 | |
| 100,000.00 | VI) | Clearing recoverable( Bad Rs. 100000.00) | 100,000.00 | |
| 640,082.00 | VII) | Vehicles (Written Down Value) | 1,404,578.00 | |
| 223.25 | VIII) | Liabrary | 223.25 | |
| - | IX) | Telephone Rent Adjustable | 0.00 | |
| 264,328.24 | X) | Security with PWD/Telephone deptt/ Electricity Board | 266,783.24 | |
| - | XI) | Recoverable A/c | 0.00 | |
| 1,772,857.60 | XII) | Balance with Provincial Bank Lahore(Loss Account) | 1,772,857.60 | |
| 864,530.00 | XIII) | Pre paid premium | 0.00 | |
| 135,546.81 | XIV) | Recoverable from CCB/RBI | 1,389,804.00 | |
| 42,500,000.00 | XV) | Recoverable from PFC Bonds | 20,000,000.00 | |
| 108,906,404.00 | XVI) | Leave Salary Invested in SBI Life Insurance | 135,285,956.00 | |
| 68,696,285.00 | XVII) | Interest subvention recoverable from NABARD | 22,819,173.00 | |
| 1,224,991.00 | XVIII) | Bank Dacoity | 1,224,991.00 | |
| - | XIX) | Imprest Account | -112.16 | |
| 0.53 | XX) | RTGS/NEFT Inward & Outward | 2.18 | |
| -149,684.00 | XXI) | ATM Aquirer Balance | 5,500.00 | |
| -1,676,166.00 | XXII) | GL Outward Clg. | -551,447.00 | |
| 500,000.00 | XXIII) | Embezzlement | 500,000.00 | |
| | XXIV) | Nabard Reimbursement Receivable | 1,500.00 | **1,026,071,815.35** |
| **24,204,725,468.52** | | **TOTAL** | | **23,872,049,586.24** |

| | | | |
|---|---|---|---|
| ___sd___ | ___sd___ | ___sd___ | ___sd___ |
| **Chanchal Singh** | **Sanjeev Kumar Gaur** | **Amanpreet Singh Brar** | **Parwinder Singh** |
| **(Manager)** | **(District Manager)** | **(Managing Director)** | **(Director)** |

| | | |
|---|---|---|
| ___sd___ | ___sd___ | ___sd___ |
| **Gurcharan Singh** | **Gurdit Singh Lally** | **For Abhilashi & Company** |
| **(Vice Chairman)** | **(Chairman)** | **Chartered Accountants** |
| | | **Sushma Mogla** |
| | | **Partner** |
| **Place :- Jalandhar** | | **Membership No. 097132** |
| **Dated:- 15-06-2024** | | |

### THE JULLUNDUR CENTRAL COOPERATIVE BANK LIMITED
### JALANDHAR
### PROFIT AND LOSS ACCOUNT
### For the Year ended 31-03-2024

| Figures as on 31-03-2023 | | EXPENDITURE | Figures as on 31-03-2024 | |
|---|---|---|---|---|
| 901,741,181.33 | 1 | **Interest on Deposits, Borrowings etc.** | 1,098,181,688.60 | **1,098,181,688.60** |
| 374,791,332.14 | 2 | **Salary & Allowances** | 326,353,894.90 | **326,353,894.90** |
| 4,914,471.38 | 3 | **Depreciation on Bank Property** | 4,394,098.82 | **4,394,098.82** |
| | 4 | **Other** | | |
| 458,400.00 | I) | Auditors' fees and expenses | 586,000.00 | |
| 398,850.00 | II) | Law charges | 96,550.00 | |
| 67,248.00 | III) | Directors' Fee | 47,748.00 | |
| 662,605.60 | IV) | Postage, telegrams, telephones etc. | 775,779.15 | |
| 3,001,310.92 | V) | Repairs and maintenance | 3,714,584.02 | |
| 47,050,787.26 | VI | Rent, Taxes & Insurance | 48,086,572.22 | |
| 2,522,553.14 | VII) | Stationary & Printing , Advertisement & Computer Expenses | 3,239,270.06 | |
| 1,880,148.38 | VIII) | Entertainment Expenses | 2,085,968.02 | |
| 12,212.61 | IX) | Commission Paid | 13,638.58 | |
| 5,377,060.09 | X) | Misc. Expenditure/ General Expenses | 5,158,737.42 | |
| 1,139,494.03 | XI) | Hire/Petrol Charges of Vehicles | 1,022,156.40 | |
| 5,695,529.50 | XII) | Security Charges | 402,157.04 | |
| - | XIII) | Contriution to Training Institute | 0.00 | |
| 14,047,921.80 | XIV) | Core Banking Solution Charges | 18,584,611.51 | |
| 1,047,692.08 | XVI) | Clearing and ATM Expenses/ ATM Acquirer Fees | 1,036,657.93 | |
| 7,563,434.00 | XVII) | Leave Encashment Interest on Defined Benefit Obligations | 10,631,698.00 | |
| 3,155,122.59 | XVIII) | Other expenditure | 3,340,787.43 | **98,822,915.78** |
| 57,309,649.00 | 5 | **Provision for Gratuity & Leave Encashment** | 22,014,050.00 | **22,014,050.00** |
| 13,600,000.00 | 6 | **Provision towards Income Tax** | 15,000,000.00 | **15,000,000.00** |
| 113,500,000.00 | 7 | **Provision Towards Rural Advances** | 84,600,000.00 | **84,600,000.00** |
| 42500000.00 | 8 | **Provision for Standard Assets/NPA Assets** | 142,000,000.00 | **142,000,000.00** |
| 0.00 | 9 | **PROV AGST DACOITY** | 1,224,991.00 | **1,224,991.00** |
| 33,596,524.61 | 10 | **Profit after Tax** | 39,938,325.08 | **39,938,325.08** |
| **1,636,033,528.46** | | **TOTAL** | **1,832,529,964.18** | **1,832,529,964.18** |

| | | | |
|---|---|---|---|
| ___sd___ | ___sd___ | ___sd___ | ___sd___ |
| **Chanchal Singh** | **Sanjeev Kumar Gaur** | **Amanpreet Singh Brar** | **Parwinder Singh** |
| **(Manager)** | **(District Manager)** | **(Managing Director)** | **(Director)** |

| | | |
|---|---|---|
| ___sd___ | ___sd___ | ___sd___ |
| **Gurcharan Singh** | **Gurdit Singh Lally** | **For Abhilashi & Company** |
| **(Vice Chairman)** | **(Chairman)** | **Chartered Accountants** |
| | | **Sushma Mogla** |
| | | **Partner** |
| **Place :- Jalandhar** | | **Membership No. 097132** |
| **Dated:- 15-06-2024** | | |

### THE JULLUNDUR CENTRAL COOPERATIVE BANK LIMITED
### JALANDHAR
### PROFIT AND LOSS ACCOUNT
### For the Year ended 31-03-2024

| Figures as on 31-03-2023 | | INCOME | Figures as on 31-03-2024 | |
|---|---|---|---|---|
| 471,866,693.16 | 1 | **Interest and Discount** | 393,563,476.97 | **393,563,476.97** |
| 1,133,423,260.02 | 2 | **Income on Investments** | 1,401,142,498.20 | **1,401,142,498.20** |
| 7,563,434.00 | 3 | **Others(Interest on Leave Encashment )** | 10,631,698.00 | **10,631,698.00** |
| | 4 | **Other Income** | | |
| 3,468,415.96 | I) | Commission, exchange and brokerage | 12,156,378.99 | |
| 2,022,669.54 | II) | Locker Rent | 1,696,755.00 | |
| 4,139,600.87 | III) | Processing Fee on loans | 2,119,322.19 | |
| 521,685.82 | IV) | Service Charge on limits | 466,987.72 | |
| 4,488,765.75 | V) | ATMs Fee/ Charges | 3,760,784.66 | |
| 4,961,870.52 | VI) | SMS Charges | 5,365,741.22 | |
| 3,577,132.82 | VII) | Miscellaneous Income | 1,626,321.23 | **27,192,291.01** |
| **1,516,225,300.66** | | **TOTAL** | **1,832,529,964.18** | **1,832,529,964.18** |

| | | | |
|---|---|---|---|
| ___sd___ | ___sd___ | ___sd___ | ___sd___ |
| **Chanchal Singh** | **Sanjeev Kumar Gaur** | **Amanpreet Singh Brar** | **Parwinder Singh** |
| **(Manager)** | **(District Manager)** | **(Managing Director)** | **(Director)** |

| | | |
|---|---|---|
| ___sd___ | ___sd___ | ___sd___ |
| **Gurcharan Singh** | **Gurdit Singh Lally** | **For Abhilashi & Company** |
| **(Vice Chairman)** | **(Chairman)** | **Chartered Accountants** |
| | | **Sushma Mogla** |
| | | **Partner** |
| **Place :- Jalandhar** | | **Membership No. 097132** |
| **Dated:- 15-06-2024** | | |

28-June-PAGE-4.qxd 6/27/2024 9:35 PM Page 1



# ਐੱਨ ਡੀ ਏ ਵਿਧਾਇਕ ਪੇਪਰ ਲੀਕ ਸਰਗਨਾ

ਸਾਰੇ ਦੇਸ਼ ਵਿੱਚ ਪੇਪਰ ਲੀਕ ਦੇ ਮਾਮਲਿਆਂ ਦਾ ਹੰਗਾਮਾ ਮਚਿਆ ਹੋਇਆ ਹੈ। ਇਸੇ ਦੌਰਾਨ ਭਾਜਪਾ ਦੀ ਭਾਈਵਾਲ ਪਾਰਟੀ ਸੁਹੇਲ ਦੇਵ ਭਾਰਤੀ ਸਮਾਜ ਪਾਰਟੀ ਦੇ ਇੱਕ ਵਿਧਾਇਕ ਦਾ ਸੋਸ਼ਲ ਮੀਡੀਆ 'ਤੇ ਵੀਡੀਓ ਵਾਇਰਲ ਹੋ ਰਿਹਾ ਹੈ। ਬੇਦੀ ਰਾਮ ਨਾਂਅ ਦਾ ਇਹ ਵਿਧਾਇਕ ਵੀਡੀਓ ਵਿੱਚ ਪੇਪਰ ਲੀਕ ਕਰਾ ਕੇ ਭਰਤੀ ਕਰਾਉਣ ਦਾ ਦਾਅਵਾ ਕਰ ਰਿਹਾ ਹੈ।

ਬੇਦੀ ਰਾਮ ਜੌਨਪੁਰ ਦਾ ਰਹਿਣ ਵਾਲਾ ਹੈ। ਉਹ ਯੂ ਪੀ ਦੇ ਗਾਜ਼ੀਪੁਰ ਦੀ ਜਖਨੀਆ ਸੀਟ ਤੋਂ ਵਿਧਾਇਕ ਚੁਣਿਆ ਹੋਇਆ ਹੈ। ਉਹ ਪੇਪਰ ਲੀਕ ਦੇ ਮਾਮਲੇ ਵਿੱਚ ਜੇਲ੍ਹ ਵੀ ਜਾ ਚੁੱਕਾ ਹੈ। ਬੇਦੀ ਰਾਮ ਨੂੰ 2014 ਵਿੱਚ ਗ੍ਰਿਫਤਾਰ ਕੀਤਾ ਗਿਆ ਸੀ। ਉਸ 'ਤੇ ਗੈਂਗਸਟਰ ਐਕਟ ਤੇ ਰਾਸ਼ਟਰੀ ਸੁਰੱਖਿਆ ਐਕਟ ਲਾਇਆ ਗਿਆ ਸੀ। ਉਸ ਨੂੰ ਪੇਪਰ ਲੀਕ ਮਾਮਲੇ ਵਿੱਚ ਐੱਸ ਟੀ ਐੱਫ ਨੇ ਗ੍ਰਿਫ਼ਤਾਰ ਕੀਤਾ ਸੀ।

ਵਿਧਾਇਕ ਬੇਦੀ ਰਾਮ ਨੂੰ ਪੇਪਰ ਲੀਕ ਗਰੋਹ ਦਾ ਸਰਗਨਾ ਸਮਝਿਆ ਜਾਂਦਾ ਹੈ। ਬੇਦੀ ਰਾਮ 'ਤੇ ਹਿਮਾਚਲ ਪ੍ਰਦੇਸ਼ ਤੇ ਮੱਧ ਪ੍ਰਦੇਸ਼ ਵਿੱਚ ਭਰਤੀ ਪ੍ਰੀਖਿਆਵਾਂ ਦੇ ਪੇਪਰ ਲੀਕ ਕਰਾਉਣ ਦੇ ਵੀ ਦੋਸ਼ ਹਨ। ਇਹ ਵੀ ਦੋਸ਼ ਹੈ ਕਿ ਉਹ ਰੇਲਵੇ ਭਰਤੀ ਪ੍ਰੀਖਿਆਵਾਂ ਦੇ ਪੇਪਰ ਕਈ ਵਾਰ ਲੀਕ ਕਰਾ ਚੁੱਕਾ ਹੈ। ਰੇਲਵੇ ਲੋਕੋ ਪਾਇਲਟ ਦੇ ਪੇਪਰ ਲੀਕ ਕਰਾਉਣ ਕਾਰਨ ਹੀ 2014 ਵਿੱਚ ਉਸ ਨੂੰ ਐੱਸ ਟੀ ਐੱਫ ਨੇ ਗ੍ਰਿਫ਼ਤਾਰ ਕੀਤਾ ਸੀ।

ਸੁਹੇਲ ਦੇਵ ਭਾਰਤੀ ਸਮਾਜ ਪਾਰਟੀ ਐੱਨ ਡੀ ਏ ਦੀਆਂ ਉਨ੍ਹਾਂ 38 ਪਾਰਟੀਆਂ ਵਿੱਚ ਸ਼ਾਮਲ ਹੈ, ਜਿਨ੍ਹਾਂ ਨੂੰ ਮੋਦੀ ਨੇ 'ਇੰਡੀਆ' ਗੱਠਜੋੜ ਦੇ ਮੁਕਾਬਲੇ ਲਈ ਇਕੱਠਾ ਕੀਤਾ ਸੀ। ਇਸ ਦੇ ਮੁਖੀ ਓਮ ਪ੍ਰਕਾਸ਼ ਰਾਜਭਰ ਅਮਿਤ ਸ਼ਾਹ ਦੇ ਚਹੇਤੇ ਹਨ ਤੇ ਉਨ੍ਹਾ ਦੇ ਦਬਾਅ ਕਾਰਨ ਹੀ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਨੇ ਰਾਜਭਰ ਨੂੰ ਆਪਣੇ ਮੰਤਰੀ ਮੰਡਲ ਵਿੱਚ ਸ਼ਾਮਲ ਕੀਤਾ ਹੋਇਆ ਹੈ।

ਪੇਪਰ ਲੀਕ ਬਾਰੇ ਵੀਡੀਓ ਵਾਇਰਲ ਹੋਣ ਤੋਂ ਬਾਅਦ ਕਾਂਗਰਸ ਭਾਜਪਾ ਉੱਤੇ ਹਮਲਾਵਰ ਹੋ ਗਈ ਹੈ। ਉਸ ਨੇ ਐੱਕਸ 'ਤੇ ਲਿਖਿਆ ਹੈ, 'ਵਿਧਾਇਕ ਦਾ ਨਾਂਅ ਬੇਦੀ ਰਾਮ ਹੈ। ਉਸ ਦਾ ਧੰਦਾ ਪੇਪਰ ਲੀਕ ਕਰਾ ਕੇ ਪੈਸੇ ਕਮਾਉਣਾ ਹੈ। ਵਿਧਾਇਕ ਬੇਦੀ ਰਾਮ ਵੀਡੀਓ ਵਿੱਚ ਕਹਿੰਦਾ ਹੈ ਕਿ ਉਹ ਕੋਈ ਵੀ ਪੇਪਰ ਲੀਕ ਕਰਾ ਸਕਦਾ ਹੈ। ਜੇਕਰ ਬੇਦੀ ਰਾਮ ਨੇ ਪੇਪਰ ਲੀਕ ਕਰਾਇਆ ਹੈ ਤਾਂ ਉਹ ਐੱਨ ਡੀ ਏ ਵਿੱਚ ਕਿਉਂ ਹੈ? ਇਹ ਸਪੱਸ਼ਟ ਹੈ ਕਿ ਜਿੱਥੇ ਵੀ ਪੇਪਰ ਲੀਕ ਹੁੰਦਾ ਹੈ, ਉੱਥੇ ਭਾਜਪਾ ਦਾ ਕੁਨੈਕਸ਼ਨ ਜ਼ਰੂਰ ਹੁੰਦਾ ਹੈ।'

ਨੀਟ ਤੇ ਯੂ ਜੀ ਸੀ ਨੈੱਟ ਪੇਪਰ ਲੀਕ ਦਾ ਮਾਮਲਾ ਵਧਦਾ ਹੀ ਜਾ ਰਿਹਾ ਹੈ। ਇਸ ਦੇ ਕੁਨੈਕਸ਼ਨ ਬਿਹਾਰ ਤੇ ਮੋਦੀ ਦੇ ਗੁਜਰਾਤ ਨਾਲ ਵੀ ਜੁੜੇ ਹੋਏ ਹਨ। ਸੀ ਬੀ ਆਈ ਨੇ ਦੋਹਾਂ ਹੀ ਸੂਬਿਆਂ ਤੋਂ ਫੜੇ ਗਏ ਲੋਕਾਂ ਤੋਂ ਪੁੱਛ-ਪੜਤਾਲ ਕੀਤੀ ਹੈ। ਇਨ੍ਹਾਂ ਮੁਲਜ਼ਮਾਂ ਨੂੰ ਬਿਹਾਰ ਪੁਲਸ ਤੇ ਗੁਜਰਾਤ ਪੁਲਸ ਨੇ ਗ੍ਰਿਫਤਾਰ ਕੀਤਾ ਸੀ। ਪੇਪਰ ਲੀਕ ਮਾਮਲੇ ਦੇ ਗੈਂਗ ਦਾ ਨੈੱਟਵਰਕ ਸਮੁੱਚੇ ਦੇਸ਼ ਵਿੱਚ ਫੈਲਿਆ ਹੋਇਆ ਹੈ। ਗੁਜਰਾਤ ਦੇ ਗੋਧਰਾ ਦਾ ਤਾਂ ਇੱਕ ਪੂਰਾ ਸੈਂਟਰ ਹੀ ਪੇਪਰ ਲੀਕ ਦਾ ਕੇਂਦਰ ਸੀ। ਉਥੋਂ ਦੇ ਟੀਚਰ, ਹੈੱਡ ਮਾਸਟਰ ਤੇ ਮੈਨੇਜਰ ਇਸ ਮਾਮਲੇ ਨਾਲ ਜੁੜੇ ਹੋਏ ਸਨ, ਜਿਨ੍ਹਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ।

# ਆਓ! ਫਿਰਕੂ-ਫਾਸ਼ੀ ਹੁਕਮਰਾਨਾਂ ਦੇ ਛੜਯੰਤਰਾਂ ਤੋਂ ਪੰਜਾਬ ਨੂੰ ਬਚਾਈਏ-1



ਮੰਗਤ ਰਾਮ ਪਾਸਲਾ

ਗੁਰੂ ਨਾਨਕ ਦੇਵ ਜੀ ਦੀ ਬਾਣੀ ਨਾਲ ਸੰਜੋਇਆ, ਗ਼ਦਰ ਪਾਰਟੀ ਦੇ ਖ਼ੂਨ ਨਾਲ ਸਿੰਜਿਆ ਤੇ ਸ਼ਹੀਦ-ਇ-ਆਜ਼ਮ ਭਗਤ ਸਿੰਘ ਦੇ ਫਾਂਸੀ ਚੜ੍ਹਨ ਦੀ ਗਾਥਾ ਦਾ ਚਸ਼ਮਦੀਦ ਗਵਾਹ ਪੰਜਾਬ ਅੱਜ ਮੁਸ਼ਕਿਲਾਂ ਦੇ ਭਵ ਸਾਗਰ 'ਚ ਡੱਕੇ-ਡੋਲੇ ਖਾਂਦਾ ਨਜ਼ਰ ਆ ਰਿਹਾ ਹੈ। ਪੰਜ ਪਾਣੀਆਂ ਦੀ ਧਰਤੀ ਬੰਜਰ ਬਣਦੀ ਜਾ ਰਹੀ ਹੈ ਤੇ ਅੱਧੀ ਵੱਸੋਂ ਪੀਣਯੋਗ ਪਾਣੀ ਤੋਂ ਵੀ ਸੱਖਣੀ ਹੈ। ਪ੍ਰਾਂਤ ਅੰਦਰ ਨਸ਼ਾ ਤੇ ਰੇਤਾ-ਬੱਜਰੀ ਮਾਫੀਆ ਦਾ ਬੋਲਬਾਲਾ ਹੈ ਤੇ ਗੈਂਗਸਟਰਾਂ ਦੇ ਟੋਲੇ ਕਤਲਾਂ, ਲੁੱਟਾਂ-ਖੋਹਾਂ, ਫਿਰੌਤੀਆਂ ਤੇ ਹਰ ਕਿਸਮ ਦੇ ਕਾਲੇ ਧੰਦੇ ਦਾ ਨੈੱਟਵਰਕ ਜੇਲ੍ਹਾਂ 'ਚ ਬੈਠੇ ਹੀ ਬਿਨਾਂ ਰੋਕ-ਟੋਕ ਚਲਾਈ ਜਾ ਰਹੇ ਹਨ। ਦੁੱਲੇ ਭੱਟੀ ਦੀ ਬਾਰ ਦੇ ਬਾਸ਼ਿੰਦੇ ਗੱਭਰੂਆਂ 'ਚੋਂ ਅਨੇਕਾਂ ਆਪਣੀ ਮਾਂ ਭੋਇੰ ਨੂੰ ਅਲਵਿਦਾ ਕਹਿ ਕੇ ਵਿਦੇਸ਼ਾਂ ਵੱਲ ਨੂੰ ਧਾਅ ਰਹੇ ਹਨ ਤੇ ਬਾਕੀ ਬਚੀ ਹੋਈ ਜੁਆਨੀ ਦੇ ਚੋਖਾ ਹਿੱਸੇ ਨੂੰ 'ਚਿੱਟਾ' ਨਿਗਲੀ ਜਾ ਰਿਹਾ ਹੈ। ਵਿੱਦਿਆ ਤੇ ਰੁਜ਼ਗਾਰ ਤੋਂ ਸੱਖਣੇ ਮੁੱਛ ਫੁੱਟ ਗੱਭਰੂ ਤੇ ਮੁਟਿਆਰਾਂ ਦੀ ਵੱਡੀ ਗਿਣਤੀ ਸਮਾਜ ਵਿਰੋਧੀ ਧੰਦਿਆਂ 'ਚ ਫਸਦੀ ਜਾ ਰਹੀ ਹੈ, ਜਿਸ ਨੇ ਮਜਬੂਰ ਤੇ ਮਾਯੂਸ ਮਾਪਿਆਂ ਦੇ ਚਿਹਰਿਆਂ ਦੀ ਰੌਣਕ ਨੂੰ ਗਮਗ਼ੀਨੀਆਂ 'ਚ ਤਬਦੀਲ ਕਰ ਦਿੱਤਾ ਹੈ।

ਇਹ ਅਵਸਥਾ ਉਸ ਪੰਜਾਬ ਦੀ ਹੈ, ਜਿਸ ਦੇ ਜਾਇਆਂ ਨੇ ਬਹਾਦਰੀ ਨਾਲ ਹਰ ਵਿਦੇਸ਼ੀ ਹਮਲਾਵਰ ਦੇ ਦੰਦ ਖੱਟੇ ਕੀਤੇ। ਇਸੇ ਧਰਤੀ 'ਤੇ ਗੁਰੂ ਗੋਬਿੰਦ ਸਿੰਘ ਜੀ ਦੇ ਦੋ ਸਾਹਿਬਜ਼ਾਦਿਆਂ ਨੇ ਚਮਕੌਰ ਸਾਹਿਬ ਦੇ ਮੈਦਾਨ-ਇ-ਜੰਗ ਅੰਦਰ ਜੂਝਦੇ ਹੋਏ ਆਪਣੀਆਂ ਜਾਨਾਂ ਨਿਸ਼ਾਵਰ ਕੀਤੀਆਂ ਤੇ ਦੂਸਰੀਆਂ ਦੋ ਛੋਟੀਆਂ ਮਾਸੂਮ ਜ਼ਿੰਦਾਂ ਨੇ ਸਰਹੰਦ ਦੀ ਦੀਵਾਰ 'ਚ ਚਿਣੇ ਜਾਣ ਸਮੇਂ ਆਪਣੇ ਚਿਹਰੇ 'ਤੇ ਕਿਸੇ ਡਰ ਜਾਂ ਉਦਾਸੀ ਦੇ ਚਿੰਨ੍ਹ ਤੱਕ ਨਹੀਂ ਆਉਣ ਦਿੱਤੇ। ਇਸੇ ਧਰਤੀ ਦੇ ਪੁੱਤਰ ਤੇ ਖੇਤੀ ਇਨਕਲਾਬ ਦੇ ਬਾਨੀ ਬਾਬਾ ਬੰਦਾ ਸਿੰਘ ਬਹਾਦਰ ਨੇ ਸੂਰਮਤਾਈ ਤੇ ਸੂਝਬੂਝ ਨਾਲ ਮੁਗ਼ਲ ਸ਼ਾਸਨਕਾਲ 'ਚ ਗਰੀਬ ਤੇ ਨਿਮਾਣੇ ਲੋਕਾਂ ਨੂੰ ਜ਼ਮੀਨ ਦੀ ਮਾਲਕੀ ਦੇ ਅਧਿਕਾਰ ਦੇ ਕੇ ਦੱਬੇ-ਕੁਚਲੇ ਲੋਕਾਂ ਦੀ ਸੱਤਾ ਸਥਾਪਤ ਕਰਨ ਦਾ ਚਮਤਕਾਰੀ ਕਾਰਨਾਮਾ ਕੀਤਾ ਸੀ। ਆਜ਼ਾਦੀ ਸੰਗਰਾਮ 'ਚ ਪੰਜਾਬੀਆਂ ਵੱਲੋਂ ਨਿਭਾਈ ਸ਼ਾਨਦਾਰ ਭੂਮਿਕਾ ਸਮੁੱਚੇ ਸੰਸਾਰ ਭਰ ਦੇ ਮਨੁੱਖੀ ਆਜ਼ਾਦੀਆਂ ਦੇ ਪਹਿਰਾਬਰਦਾਰਾਂ ਤੇ ਬਰਾਬਰੀ ਵਾਲਾ ਸਮਾਜ ਸਿਰਜਣ ਲਈ ਜੂਝ ਰਹੇ ਯੋਧਿਆਂ ਲਈ ਪ੍ਰੇਰਨਾ-ਸ੍ਰੋਤ ਬਣਨ ਵਾਸਤੇ ਪੂਰੀ ਤਰ੍ਹਾਂ ਯੋਗ ਤੇ ਢੁਕਵੀਂ ਹੈ।

### ਪੰਜਾਬ ਦੀ ਤ੍ਰਾਸਦੀ ਦੇ ਕਾਰਨ

ਇਨ੍ਹਾਂ ਸਾਰੇ ਗੁਣਾਂ ਦੇ ਬਾਵਜੂਦ ਅੱਜ ਇਸ ਧਰਤੀ ਦੇ ਪੁੱਤਰ-ਧੀਆਂ ਦੇ ਸਿਰਾਂ 'ਤੇ ਚੌਤਰਫ਼ੇ ਸੰਕਟ ਦੇ ਕਾਲੇ ਤੇ ਗਹਿਰੇ ਬੱਦਲ ਕਿਉਂ ਮੰਡਰਾ ਰਹੇ ਹਨ? ਦੇਸ਼ ਭਰ ਦੇ ਲੋਕਾਂ ਦਾ ਪੇਟ ਭਰਨ ਵਾਲਾ ਪੰਜਾਬ ਦਾ ਖੇਤੀਬਾੜੀ ਦੇ ਧੰਦੇ ਨਾਲ ਜੁੜਿਆ ਕਾਮਾ ਤੇ ਕਿਸਾਨ ਕਰਜ਼ੇ ਦੇ ਭਾਰ ਹੇਠਾਂ ਕਿਉਂ ਕੁਰਲਾ ਰਿਹਾ ਹੈ? ਇਹ ਸਾਰਾ ਦੁਖਾਂਤ ਇਸ ਕਰਕੇ ਵਾਪਰਿਆ ਹੈ, ਕਿਉਂਕਿ ਵੱਖੋ-ਵੱਖ ਰੰਗਾਂ ਦੀਆਂ ਰਾਜਨੀਤਕ ਪਾਰਟੀਆਂ ਨੇ ਆਪਣੇ ਕਾਰਜਕਾਲ ਅੰਦਰ ਦੇਸ਼ ਤੇ ਪੰਜਾਬ ਦੇ ਹਿੱਤਾਂ ਲਈ ਲੋਕ ਪੱਖੀ ਪਹੁੰਚ ਅਪਣਾਉਣ ਦੀ ਜਗ੍ਹਾ ਚੰਦ ਕਾਰਪੋਰੇਟ ਘਰਾਣਿਆਂ ਤੇ ਸਾਮਰਾਜੀ ਲੁਟੇਰਿਆਂ ਦੇ ਹਿਤ ਪਾਲਣ ਵਾਲੀਆਂ ਨਵ-ਉਦਾਰਵਾਦੀ ਆਰਥਿਕ ਨੀਤੀਆਂ ਲਾਗੂ ਕੀਤੀਆਂ ਤੇ ਆਪਣੇ ਨਿੱਜੀ ਸਵਾਰਥਾਂ ਦੀ ਪੂਰਤੀ ਲਈ ਭ੍ਰਿਸ਼ਟਾਚਾਰ ਰਾਹੀਂ ਧਨ ਇਕੱਠਾ ਕਰਨ ਦਾ ਧੰਦਾ ਹੀ ਕੀਤਾ। ਪੰਜਾਬ ਅੰਦਰ ਐਸੀ ਲੋਕ ਪੱਖੀ ਰਾਜਨੀਤਕ ਧਿਰ ਤੇ ਸਮਾਜਿਕ ਤਬਦੀਲੀ ਦੀ ਲਹਿਰ ਵੀ ਕਮਜ਼ੋਰ ਹੈ, ਜੋ ਜਨ ਸਮੂਹਾਂ ਨੂੰ ਇਕਜੁੱਟ ਕਰਕੇ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੀ ਚੜ੍ਹਦੀ ਕਲਾ ਲਈ ਕੋਈ ਵੱਡਾ ਲੋਕ-ਪੱਖੀ ਰਾਜਨੀਤਕ ਮੁਤਬਾਦਲ ਪੇਸ਼ ਕਰ ਸਕੇ। ਜਿਹੜੇ ਕੋਈ ਵਿਸ਼ੇਸ਼ ਜ਼ਿਕਰ ਕਰਨਯੋਗ ਘੋਲ ਲੜੇ ਵੀ ਗਏ ਹਨ, ਉਨ੍ਹਾਂ 'ਚੋਂ ਵੀ ਜ਼ਿਆਦਾਤਰ ਜਨਤਕ ਲਹਿਰਾਂ ਦਾ ਘੇਰਾ ਆਰਥਿਕ ਮੰਗਾਂ ਤੇ ਕੁਝ ਸਥਾਨਕ ਮੁਸ਼ਕਿਲਾਂ ਦੇ ਹੱਲ ਕਰਨ ਤੱਕ ਹੀ ਸੀਮਤ ਰਿਹਾ ਹੈ। ਭਾਵੇਂ ਆਰਥਿਕ ਘੋਲਾਂ ਦੀ ਆਪਣੀ ਮਹਾਨਤਾ ਹੈ, ਪ੍ਰੰਤੂ ਇਨ੍ਹਾਂ ਘੋਲਾਂ 'ਚ ਸ਼ਾਮਲ ਲੋਕਾਂ ਨੂੰ ਰਾਜਨੀਤਕ ਤੇ ਵਿਚਾਰਧਾਰਕ ਤੌਰ 'ਤੇ ਚੇਤੰਨ ਕੀਤੇ ਬਿਨਾਂ ਸਮਾਜਿਕ ਤਬਦੀਲੀ ਦਾ ਕਾਰਜ ਸਿਰੇ ਨਹੀਂ ਚਾੜ੍ਹਿਆ ਜਾ ਸਕਦਾ। ਬਿਨਾਂ ਸ਼ੱਕ ਵਿਦੇਸ਼ੀ ਤੇ ਦੇਸੀ ਹੁਕਮਰਾਨਾਂ ਨੇ ਇਸ ਖਿੱਤੇ ਦੇ ਲੋਕਾਂ ਨਾਲ ਕਦੀ ਕੋਈ ਹਮਦਰਦੀ ਭਰਪੂਰ, ਦੋਸਤਾਨਾ ਵਿਵਹਾਰ ਨਹੀਂ ਕੀਤਾ। ਤਾਂ ਹੀ ਰਾਜਨੀਤਕ, ਆਰਥਿਕ ਤੇ ਸਮਾਜਿਕ ਪੱਖੋਂ ਪੰਜਾਬ ਨਾਲ ਕੀਤੀਆਂ ਬੇਇਨਸਾਫੀਆਂ ਤੇ ਜ਼ਿਆਦਤੀਆਂ ਦੀ ਸੂਚੀ ਬੜੀ ਲੰਬੀ ਹੈ। ਆਜ਼ਾਦੀ ਮਿਲਣ ਉਪਰੰਤ ਇਸ ਧਰਤੀ ਦੇ ਬਾਸ਼ਿੰਦਿਆਂ ਨੂੰ ਜ਼ਿੰਦਗੀ ਦੇ ਵੱਖ-ਵੱਖ ਖੇਤਰਾਂ 'ਚ ਉਨਤੀ ਕਰਨ ਲਈ ਢੁਕਵੇਂ ਮੌਕੇ ਤੇ ਵਿਸ਼ੇਸ਼ ਵਿੱਤੀ ਸਹਾਇਤਾ ਨਹੀਂ ਦਿੱਤੀ ਗਈ, ਭਾਵ ਲੋਕ ਪੱਖੀ ਵਿਕਾਸ ਮਾਡਲ ਉਪਲੱਬਧ ਨਹੀਂ ਕਰਾਇਆ ਗਿਆ। ਮਾਂ ਬੋਲੀ ਦੇ ਆਧਾਰ 'ਤੇ ਜਮਹੂਰੀ ਤਕਾਜ਼ਿਆਂ ਅਨੁਸਾਰ 'ਪੰਜਾਬੀ ਸੂਬੇ' ਦੀ ਸਥਾਪਨਾ ਕਰਨ ਦੀ ਥਾਂ ਸਾਜ਼ਿਸ਼ੀ ਢੰਗ ਨਾਲ ਪੰਜ ਪਾਣੀਆਂ ਦੀ ਧਰਤੀ ਨੂੰ ਕਈ ਟੁਕੜਿਆਂ 'ਚ ਵੰਡ ਦਿੱਤਾ ਗਿਆ। ਪੰਜਾਬੀ ਬੋਲਣ ਵਾਲਿਆਂ ਦਾ ਚੋਖਾ ਹਿੱਸਾ ਅਜੇ ਵੀ ਪੰਜਾਬ ਤੋਂ ਬਾਹਰ ਦੂਸਰੇ ਗੁਆਂਢੀ ਪ੍ਰਾਂਤਾਂ 'ਚ ਵੱਸਦਾ ਹੈ, ਪ੍ਰੰਤੂ ਉਨ੍ਹਾਂ ਸੂਬਿਆਂ ਅੰਦਰ 'ਪੰਜਾਬੀ' ਨੂੰ ਦੂਸਰੀ ਭਾਸ਼ਾ ਦਾ ਦਰਜਾ ਨਹੀਂ ਦਿੱਤਾ ਗਿਆ। ਸ਼ਾਇਦ ਇਹ ਸੋਚ ਕੇ ਕਿ ਆਪਣੀ ਮਾਣਮੱਤੀ ਮਾਂ ਬੋਲੀ ਦੇ ਗਿਆਨ ਨਾਲ ਉਥੇ ਵੱਸਦੇ ਪੰਜਾਬੀ ਆਰਥਿਕ, ਮਾਨਸਿਕ, ਸਮਾਜਿਕ ਤੇ ਸੱਭਿਆਚਾਰਕ ਵਿਕਾਸ ਦੀਆਂ ਉੱਚੀਆਂ ਟੀਸੀਆਂ 'ਤੇ ਨਾ ਪੁੱਜ ਜਾਣ। ਪੰਜਾਬ ਦੀ ਰਾਜਧਾਨੀ 'ਚੰਡੀਗੜ੍ਹ' ਤੋਂ ਅਜੇ ਤੱਕ ਪ੍ਰਾਂਤ ਨੂੰ ਵਿਰਵਾ ਰੱਖਿਆ ਹੋਇਆ ਹੈ ਤੇ ਚੰਡੀਗੜ੍ਹ 'ਚ ਤੈਨਾਤ ਅਫਸਰਸ਼ਾਹੀ 'ਚੋਂ ਪੰਜਾਬੀਆਂ ਨੂੰ ਬਾਹਰ ਕੱਢਿਆ ਜਾ ਰਿਹਾ ਹੈ। ਹੈਰਾਨੀ ਤਾਂ ਇਹ ਹੈ ਕਿ ਚੰਡੀਗੜ੍ਹ 'ਚ ਪੰਜਾਬੀ ਭਾਸ਼ਾ 'ਚ ਵਿੱਦਿਆ ਹਾਸਲ ਕਰਨ ਵਾਲਿਆਂ ਨੂੰ ਸਰਕਾਰੀ ਨੌਕਰੀਆਂ 'ਚ ਭਰਤੀ ਹੋਣ ਤੋਂ ਵੀ ਵੰਚਿਤ ਕੀਤਾ ਗਿਆ ਹੈ। ਪੰਜਾਬ ਦੇ ਦਰਿਆਵਾਂ ਦੀ ਨਿਆਈਂ ਵੰਡ, ਡੈਮਾਂ ਦੇ 'ਹੈਡ ਵਰਕਸ' 'ਤੇ ਪੰਜਾਬ ਦੇ ਕੰਟਰੋਲ ਵਰਗੇ ਮੁੱਦੇ ਲਗਾਤਾਰ ਸੂਬੇ ਦੇ ਲੋਕਾਂ ਲਈ ਚਿੰਤਾ ਤੇ ਗੁੱਸੇ ਦਾ ਵਿਸ਼ਾ ਬਣੇ ਹੋਏ ਹਨ। ਕੇਂਦਰੀ ਸਰਕਾਰਾਂ ਵੱਲੋਂ ਸਮੁੱਚੇ ਦੇਸ਼ ਅੰਦਰ ਸੰਘਾਤਮਕ ਢਾਂਚੇ ਨੂੰ ਖੋਰਾ ਲਾ ਕੇ ਸੂਬਿਆਂ ਦੇ ਅਧਿਕਾਰਾਂ 'ਚ ਲਗਾਤਾਰ ਕਟੌਤੀਆਂ ਕੀਤੀਆਂ ਜਾ ਰਹੀਆਂ ਹਨ, ਜਿਸ ਦਾ ਵੱਡਾ ਨੁਕਸਾਨ ਪੰਜਾਬ ਨੂੰ ਵੀ ਝੱਲਣਾ ਪੈ ਰਿਹਾ ਹੈ।

ਇਹ ਤਾਂ ਵਤੀਰਾ ਹੈ ਦਿੱਲੀ ਦੇ ਰੰਗ-ਬੇਰੰਗੇ ਹੁਕਮਰਾਨਾਂ ਦਾ, ਜਿਹੜੇ ਆਪਣੇ ਕਾਰਜ ਕਾਲਾਂ ਦੌਰਾਨ ਪੰਜਾਬ ਨੂੰ ਨਿਰੰਤਰ ਸੰਕਟ ਗ੍ਰਸਤ ਬਣਾਉਂਦੇ ਗਏ। ਭਾਜਪਾ ਦੀਆਂ ਕੇਂਦਰੀ ਸਰਕਾਰਾਂ ਤੇ ਪੰਜਾਬ ਅੰਦਰ ਬਣੀਆਂ ਅਕਾਲੀ ਦਲ-ਭਾਜਪਾ ਗਠਜੋੜ ਦੀਆਂ ਸੂਬਾਈ ਹਕੂਮਤਾਂ 'ਚ ਆਪਣੇ ਆਪ ਬਾਰੇ ਨਿਰੋਲ ਪੰਜਾਬੀਆਂ ਤੇ ਸਿੱਖਾਂ ਦੇ ਹਿੱਤਾਂ ਦੀ ਅਲੰਬਰਦਾਰੀ ਦੇ ਦਾਅਵੇ ਕਰਨ ਵਾਲੀ ਅਕਾਲੀ ਪਾਰਟੀ ਵੀ ਸਾਲਾਂਬੱਧੀ ਭਾਈਵਾਲ ਰਹੀ ਹੈ। ਜਦੋਂ ਵੀ ਅਕਾਲੀ ਦਲ ਸੱਤਾ 'ਚ ਰਿਹਾ, ਇਸ ਦੇ ਆਗੂਆਂ ਨੇ ਨਾ ਪੰਜਾਬ ਦੇ ਹੱਕਾਂ ਲਈ ਕਦੀ ਕੋਈ ਅੱਖਰ ਬੋਲਿਆ ਤੇ ਨਾ ਹੀ 1984 ਦੇ ਦਿੱਲੀ ਦੰਗਿਆਂ ਦੇ ਪੀੜਤ ਪਰਵਾਰਾਂ ਦੀ ਹੀ ਸਾਰ ਲਈ, ਪ੍ਰੰਤੂ ਚੋਣਾਂ ਸਮੇਂ ਵੋਟਾਂ ਹਾਸਲ ਕਰਨ ਲਈ ਇਨ੍ਹਾਂ ਨੇਤਾਵਾਂ ਨੇ ਪੰਜਾਬ ਦੇ ਹਿੱਤਾਂ ਲਈ ਮਗਰਮੱਛ ਦੇ ਹੰਝੂ ਜ਼ਰੂਰ ਵਹਾਏ, ਜਿਨ੍ਹਾਂ ਦੀ ਅਸਲੀਅਤ ਬਾਰੇ ਹੁਣ ਪੰਜਾਬੀ ਵੀ ਜਾਣ ਗਏ ਹਨ। ਅਕਾਲੀ ਦਲ ਦੇ ਪਤਨ ਦਾ ਇਹ ਵੀ ਇਕ ਵੱਡਾ ਕਾਰਨ ਹੈ। ਇਸ 'ਚ ਵੀ ਕੋਈ ਦੂਸਰੀ ਰਾਇ ਨਹੀਂ ਹੈ ਕਿ ਪੰਜਾਬ ਦੀਆਂ ਦੂਸਰੀਆਂ ਰਾਜਨੀਤਕ ਪਾਰਟੀਆਂ ਨੇ ਕਈ ਮੌਕਿਆਂ 'ਤੇ ਪੰਜਾਬ ਨਾਲ ਸੰਬੰਧਤ ਮੁੱਦਿਆਂ ਬਾਰੇ ਕਦੇ-ਕਦਾਈਂ ਹਾਅ ਦਾ ਨਾਅਰਾ ਤਾਂ ਜ਼ਰੂਰ ਮਾਰਿਆ, ਪ੍ਰੰਤੂ ਪੰਜਾਬ ਨਾਲ ਸੰਬੰਧਤ ਮੰਗਾਂ ਦੀ ਪ੍ਰਾਪਤੀ ਲਈ ਇੱਕ ਬੱਝਵਾਂ ਤੇ ਨਿਰੰਤਰ ਸੰਘਰਸ਼ ਲਾਮਬੰਦ ਨਹੀਂ ਕੀਤਾ। ਇਹੀ ਕਾਰਨ ਹੈ ਕਿ ਪੰਜਾਬ ਦੇ ਲੋਕ, ਜਿਨ੍ਹਾਂ ਨੇ ਆਪਣੀਆਂ ਮੁਸ਼ਕਿਲਾਂ ਦੀ ਸੁਣਵਾਈ ਤੇ ਪੰਜਾਬ ਨੂੰ ਦਰਪੇਸ਼ ਮਸਲਿਆਂ ਦੇ ਹੱਲ ਲਈ ਕਈ ਵਾਰ ਰਾਜਨੀਤਕ ਬਦਲਾਅ ਕੀਤੇ, ਪ੍ਰੰਤੂ ਕੁੱਝ ਵੀ ਹੱਥ-ਪੱਲੇ ਨਾ ਪੈਣ ਕਾਰਨ ਅੱਜ ਉਹ ਮਾਯੂਸੀ ਦੀ ਹਾਲਤ 'ਚ ਬੇਆਸਰੇ ਤੇ ਠੱਗੇ ਹੋਏ ਮਹਿਸੂਸ ਕਰਦੇ ਹਨ। ਅਜਿਹੀਆਂ ਹਾਲਤਾਂ 'ਚ ਹੀ ਬਹੁਤ ਸਾਰੇ ਗੈਰ ਜ਼ਿੰਮੇਵਾਰ ਅਰਾਜਕਤਾਵਾਦੀ ਤੱਤ, ਆਪਣੀ ਸੰਕੀਰਨ ਸੋਚ ਸਦਕਾ ਕੇਂਦਰੀ ਸਰਕਾਰ ਦੀਆਂ ਕੁਚਾਲਾਂ ਦੇ ਸੰਦ ਬਣ ਕੇ, ਹਰ ਮਸਲੇ ਨੂੰ ਧਾਰਮਿਕ ਰੰਗਤ ਦਿੰਦੇ ਹੋਏ ਸਾਂਝੀ ਲਹਿਰ ਨੂੰ ਢਾਅ ਲਾਉਂਦੇ ਆ ਰਹੇ ਹਨ। ਇਹ ਸੱਜਣ, ਲੋਕਾਂ ਦੇ ਇੱਕ ਹਿੱਸੇ ਨੂੰ ਸਾਂਝੀ ਜਮਹੂਰੀ ਲਹਿਰ ਨਾਲੋਂ ਨਿਖੇੜ ਕੇ ਨਾਂਹ ਪੱਖੀ ਭੂਮਿਕਾ ਅਦਾ ਕਰਦੇ ਹਨ। ਸਰਕਾਰਾਂ ਦੀਆਂ ਨਾਕਾਮੀਆਂ ਤੇ ਅੱਗੇ-ਵਧੂ ਰਾਜਸੀ ਸ਼ਕਤੀਆਂ ਵੱਲੋਂ ਪੰਜਾਬ ਦੇ ਰਾਜਨੀਤਕ ਖਲਾਅ ਨੂੰ ਭਰਨ ਪੱਖੋਂ ਅਸਫਲਤਾ ਸਦਕਾ ਹੀ ਫਿਰਕੂ ਸੋਚ ਦੇ ਧਾਰਨੀ ਇਹ ਅਰਾਜਕਤਾਵਾਦੀ ਤੱਤ ਲੋਕਾਂ ਅੰਦਰ ਪਨਪੇ ਸੱਤਾ ਵਿਰੋਧੀ ਜਜ਼ਬੇ ਨੂੰ ਵਰਤ ਕੇ ਕੁੱਝ ਗੈਰ ਜ਼ਰੂਰੀ ਤੇ ਤਰਕਹੀਣ ਮੰਗਾਂ ਦੁਆਲੇ ਸਿੱਖਾਂ ਦੇ ਇੱਕ ਹਿੱਸੇ ਦੀ ਹਮਾਇਤ ਜੁਟਾਉਣ 'ਚ ਸਫਲ ਹੋ ਜਾਂਦੇ ਹਨ। ਕੇਂਦਰੀ ਹਾਕਮਾਂ ਨੂੰ ਗੜਬੜ ਚੌਥ ਵਾਲੀ ਇਸੇ ਸਥਿਤੀ ਅੰਦਰ ਦੇਸ਼ ਦੀ ਸੁਰੱਖਿਆ ਤੇ ਅੱਤਵਾਦ ਦੇ ਡਰ ਦਾ ਝੁਰਲੂ ਦਿਖਾ ਕੇ ਸਰਕਾਰੀ ਏਜੰਸੀਆਂ ਰਾਹੀਂ ਸਥਿਤੀ ਨੂੰ ਹੋਰ ਗੁੰਝਲਦਾਰ ਬਣਾਉਣ ਦਾ ਮੌਕਾ ਮਿਲ ਜਾਂਦਾ ਹੈ। ਚੇਤੇ ਰਹੇ, ਇਹ ਪੈਂਤੜਾ ਕੇਂਦਰੀ ਹਾਕਮਾਂ ਦੇ ਦੇਸ਼ ਪੱਧਰੀ ਜਨ ਆਧਾਰ 'ਚ ਵਾਧਾ ਕਰਨ ਲਈ ਸਹਾਈ ਸਿੱਧ ਹੁੰਦਾ ਹੈ।

### ਮਾਣਮੱਤੇ ਇਤਿਹਾਸ ਦਾ ਇੱਕ ਪਾਸੜ ਮੁਲਾਂਕਣ

ਇਸ ਨੂੰ ਸਮੂਹ ਪੰਜਾਬੀਆਂ ਦੀ ਬਦਕਿਸਮਤੀ ਹੀ ਕਿਹਾ ਜਾਣਾ ਚਾਹੀਦਾ ਹੈ ਕਿ ਸਾਡੇ ਜ਼ਿਆਦਾਤਰ ਇਤਿਹਾਸਕਾਰਾਂ ਤੇ ਬੁੱਧੀਜੀਵੀਆਂ ਨੇ ਇਸ ਖਿੱਤੇ ਦੇ ਪਿਛਲੇ ਇਤਿਹਾਸ ਦਾ ਆਮ ਤੌਰ 'ਤੇ ਤੱਥਾਂ ਦੇ ਆਧਾਰ 'ਤੇ ਸੰਤੁਲਿਤ ਮੁਲਾਂਕਣ ਕਰਨ ਦਾ ਯਤਨ ਨਹੀਂ ਕੀਤਾ। ਬਹੁਤ ਸਾਰੇ ਮੁੱਦਿਆਂ ਬਾਰੇ ਅਕਸਰ ਹੁੰਦੇ ਆ ਰਹੇ ਪੰਜਾਬੀਆਂ ਦੇ ਇੱਕ ਪਾਸੜ ਸੁਭਾਅ ਦੇ ਪ੍ਰਗਟਾਵੇ ਪਿੱਛੇ ਵੀ ਇਤਿਹਾਸ ਲੇਖਣੀ ਦੀ ਇਹ ਅਸੰਤੁਲਤ ਪਹੁੰਚ ਇੱਕ ਵੱਡਾ ਕਾਰਨ ਹੈ। ਸਾਡੇ ਇਤਿਹਾਸਕਾਰ ਆਮ ਤੌਰ 'ਤੇ ਇਤਿਹਾਸ ਲਿਖਣ ਸਮੇਂ ਨਿੱਜੀ ਆਸਥਾ, ਧਾਰਮਿਕ ਵਲਗਣਾਂ ਤੇ ਅੰਤਰਮੁਖਤਾ ਦਾ ਸ਼ਿਕਾਰ ਹੋ ਜਾਂਦੇ ਹਨ। ਇਹ ਢੰਗ ਕਦੀ ਵੀ ਹਕੀਕੀ ਇਤਿਹਾਸ ਨਾਲ ਇਨਸਾਫ਼ ਨਹੀਂ ਕਰ ਸਕਦਾ। ਦੁਨੀਆ ਦੇ ਕਿਸੇ ਵੀ ਇਤਿਹਾਸ 'ਚ ਸਭ ਕੁੱਝ ਹੀ ਠੀਕ ਜਾਂ ਗਲਤ ਨਹੀਂ ਹੋ ਸਕਦਾ ਤੇ ਨਾ ਸਾਰਾ ਕੁੱਝ ਅਪਣਾਉਣ ਜਾਂ ਰੱਦ ਕਰਨ ਯੋਗ ਹੀ ਹੁੰਦਾ ਹੈ। ਕੋਈ ਵੀ ਵਿਅਕਤੀ ਇਤਿਹਾਸ ਦੀਆਂ ਹਕੀਕਤਾਂ ਤੇ ਤੱਥਾਂ ਨੂੰ ਆਪਣੀ ਸੁਵਿਧਾ ਮੁਤਾਬਕ ਤੈਅ ਕਰ ਵੀ ਨਹੀਂ ਸਕਦਾ। ਬਾਹਰਮੁਖੀ ਹਾਲਤਾਂ ਦਾ ਤੱਥਾਂ 'ਤੇ ਅਧਾਰਿਤ ਯਥਾਰਥਕ ਨਿਰੀਖਣ ਕਰਦੇ ਹੋਏ ਸਿਰਜਿਆ ਜਾਂਦਾ ਇਤਿਹਾਸ ਵਰਤਮਾਨ ਤੇ ਭਵਿੱਖੀ ਪੀੜ੍ਹੀ ਲਈ ਹਮੇਸ਼ਾ ਲਾਹੇਵੰਦਾ ਤੇ ਸਿਖਿਆਦਾਇਕ ਸਿੱਧ ਹੋ ਸਕਦਾ ਹੈ। ਆਜ਼ਾਦੀ ਸੰਗਰਾਮ ਅੰਦਰ ਧਰਮਾਂ, ਜਾਤੀਆਂ ਤੇ ਫਿਰਕਿਆਂ ਤੋਂ ਉਤਾਂਹ ਉਠ ਕੇ ਸਮੂਹ ਪੰਜਾਬੀਆਂ ਤੇ ਖਾਸਕਰ ਸਿੱਖਾਂ ਵੱਲੋਂ ਪਾਏ ਯੋਗਦਾਨ ਨੂੰ ਸਹੀ ਭਾਵਨਾ 'ਚ ਪੇਸ਼ ਕਰਨ ਦੀ ਥਾਂ ਕਈ ਵਾਰ ਸਾਰਾ ਬਿਰਤਾਂਤ ਇੱਕ ਖਾਸ ਧਰਮ ਤੇ ਵਿਅਕਤੀ ਵਿਸ਼ੇਸ਼ ਨਾਲ ਨੱਥੀ ਕਰਨ ਦਾ ਯਤਨ ਕੀਤਾ ਜਾਂਦਾ ਹੈ। ਹਾਲਾਂਕਿ ਪੰਜਾਬ ਅੰਦਰ ਚੱਲੀ ਕਿਸੇ ਵੀ ਲੋਕ ਪੱਖੀ ਲਹਿਰ 'ਚ ਸਿੱਖਾਂ ਦੇ ਯੋਗਦਾਨ ਨੂੰ ਘਟਾ ਕੇ ਨਹੀਂ ਦੇਖਿਆ ਜਾ ਸਕਦਾ, ਪ੍ਰੰਤੂ ਗੈਰ ਸਿੱਖ ਵੀ ਇਨ੍ਹਾਂ ਕਾਰਜਾਂ 'ਚ ਆਪਣਾ ਬਣਦਾ ਹਿੱਸਾ ਪਾਉਂਦੇ ਰਹੇ ਹਨ ਤੇ ਦਲਿਤ ਭਾਈਚਾਰੇ ਤੇ ਦੂਸਰੇ ਦੱਬੇ-ਕੁਚਲੇ ਲੋਕਾਂ ਦੀ ਵੀ ਇਨਾਂ ਸਭ ਕਾਰਜਾਂ 'ਚ ਵਿਸ਼ੇਸ਼ ਭੂਮਿਕਾ ਰਹੀ ਹੈ। ਅਜਿਹੀਆਂ ਲਹਿਰਾਂ ਦੇ ਭਾਗੀਦਾਰ ਰਹੇ ਰੌਸ਼ਨ ਖਿਆਲ ਸਿੱਖ ਆਪਣੀ ਕਿਸੇ ਵਿਸ਼ੇਸ਼ ਧਰਮ ਲਈ ਨਹੀਂ, ਬਲਕਿ ਸਮੁੱਚੀ ਮਨੁੱਖਤਾ ਤੇ ਦੇਸ਼ ਲਈ ਬਿਨ੍ਹਾਂ ਕਿਸੇ ਭਿੰਨ-ਭੇਦ ਦੇ ਆਪਣਾ ਸਭ ਕੁੱਝ ਨਿਸ਼ਾਵਰ ਕਰਦੇ ਰਹੇ ਹਨ। ਉਦਾਹਰਣ ਦੇ ਤੌਰ 'ਤੇ ਵਿਦੇਸ਼ਾਂ 'ਚ ਰੁਜ਼ਗਾਰ ਲਈ ਗਏ ਪੰਜਾਬੀਆਂ, ਜਿਨ੍ਹਾਂ 'ਚ ਵਧੇਰੇ ਗਿਣਤੀ ਸਿੱਖਾਂ ਦੀ ਸੀ, ਨੇ ਹੋਰਨਾਂ ਭਾਰਤੀਆਂ ਨਾਲ ਮਿਲ ਕੇ ਦੇਸ਼ ਦੀ ਆਜ਼ਾਦੀ ਦੀ ਜੰਗ ਲੜਨ ਲਈ ਗ਼ਦਰ ਪਾਰਟੀ ਦੀ ਸਥਾਪਨਾ ਕੀਤੀ ਸੀ। ਇਸ ਪਾਰਟੀ ਦੇ ਮੁੱਖ ਆਗੂ ਹਾਲਾਂਕਿ ਵਧੇਰੇ ਕਰਕੇ, ਸਿੱਖ ਗੁਰੂ ਸਾਹਿਬਾਨ ਦੁਆਰਾ ਰਚੀ ਬਾਣੀ 'ਚ ਪੂਰੀ ਆਸਥਾ ਰੱਖਣ ਵਾਲੇ ਗੁਰਸਿੱਖ ਸਨ, ਪ੍ਰੰਤੂ ਗ਼ਦਰ ਪਾਰਟੀ ਨੇ ਇਹ ਮਤਾ ਪਾਸ ਕੀਤਾ ਸੀ ਕਿ "ਪਾਰਟੀ ਅੰਦਰ ਕਿਸੇ ਵੀ ਧਾਰਮਿਕ ਮੁੱਦੇ ਜਾਂ ਧਾਰਮਿਕ ਵਾਦ-ਵਿਵਾਦ ਕਰਨ ਦੀ ਪੂਰੀ ਤਰ੍ਹਾਂ ਮਨਾਹੀ ਹੈ।" ਅੱਜ ਤਾਈਂ, ਉਨ੍ਹਾਂ ਦਾ ਇਹ ਮਾਨਵਤਾਵਾਦੀ ਨਜ਼ਰੀਆ ਭੁਲਾਉਣ ਦੇ ਹਰ ਸੰਭਵ ਯਤਨ ਕੀਤੇ ਜਾ ਰਹੇ ਹਨ। ਇਸ ਦੇ ਵਿਪਰੀਤ ਸਿੱਖ ਰਿਆਸਤਾਂ ਦੇ ਰਾਜਿਆਂ ਦੇ ਸਾਮਰਾਜ ਪੱਖੀ ਰੋਲ ਨੂੰ ਲੋਕਾਂ ਸਾਹਮਣੇ ਪੂਰੀ ਤਰ੍ਹਾਂ ਉਘਾੜ ਕੇ ਪੇਸ਼ ਨਹੀਂ ਕੀਤਾ ਗਿਆ, ਜਿਸ ਦਾ ਨਤੀਜਾ ਇਹ ਨਿਕਲਿਆ ਹੈ ਕਿ ਇਹ ਸਾਮਰਾਜ ਭਗਤ ਰਾਜੇ-ਮਹਾਰਾਜੇ ਲੋਕਾਂ ਦੇ ਮਨਾਂ ਅੰਦਰ ਨਫ਼ਰਤ ਦੇ ਪਾਤਰ ਹੋਣ ਦੀ ਥਾਂ ਧਰਮਾਂ ਦਾ ਚੋਗਾ ਪਾ ਕੇ ਅੱਜ ਵੀ ਭਾਰਤੀ ਤੇ ਪ੍ਰਾਂਤ ਦੀ ਰਾਜਨੀਤੀ 'ਚ ਉੱਚ ਅਹੁਦਿਆਂ 'ਤੇ ਬਿਰਾਜਮਾਨ ਹੋ ਕੇ ਸੱਤਾ ਦਾ ਅਨੰਦ ਮਾਣ ਰਹੇ ਹਨ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਨੂੰ ਇੱਕ ਨਮੂਨੇ ਦਾ 'ਰਾਜਤੰਤਰ' ਬਣਾ ਕੇ ਪੇਸ਼ ਕੀਤਾ ਜਾਂਦਾ ਹੈ, ਜਿਸ 'ਚ ਕਿਸੇ ਵੀ ਗਲਤੀ 'ਤੇ ਉਂਗਲ ਨਹੀਂ ਧਰੀ ਜਾ ਸਕਦੀ! ਕੀ ਕਿਸੇ ਵੀ ਰਾਜਾਸ਼ਾਹੀ ਅੰਦਰ ਅਜਿਹਾ ਹੋਣਾ ਸੰਭਵ ਹੈ? ਇਸੇ ਇੱਕ ਪਾਸੜ ਸੋਚ ਦੇ ਸ਼ਿਕਾਰ ਹੋਣ ਕਾਰਨ ਹੀ ਅਸੀਂ ਭਵਿੱਖ ਅੰਦਰ ਪੁਰਾਣੀਆਂ ਗਲਤੀਆਂ ਨੂੰ ਸੁਧਾਰਨ ਤੋਂ ਅਸਮਰਥ ਰਹਿੰਦੇ ਹਾਂ।

ਕਿਸੇ ਵੀ ਸਿੱਖ ਬੁੱਧੀਜੀਵੀ ਜਾਂ ਨੇਤਾ ਨੇ ਅਕਾਲੀ ਦਲ, ਜੋ ਸਮੂਹ ਸਿੱਖਾਂ ਦੇ ਹਿੱਤਾਂ ਦਾ ਪਹਿਰੇਦਾਰ ਹੋਣ ਦਾ ਦਾਅਵਾ ਕਰਦਾ ਹੈ, ਦੀ ਪਹਿਲਾਂ ਜਨਸੰਘ, ਫਿਰ ਜਨਤਾ ਪਾਰਟੀ ਤੇ ਅਖੀਰ 'ਚ ਭਾਜਪਾ ਨਾਲ ਸਾਲਾਂਬੱਧੀ ਸਾਂਝੀ ਸਰਕਾਰ 'ਚ ਸ਼ਮੂਲੀਅਤ ਨੂੰ ਤਰਕ ਦੀ ਕਸਵੱਟੀ 'ਤੇ ਨਹੀਂ ਪਰਖਿਆ। ਆਰ.ਐੱਸ.ਐੱਸ. ਤੇ ਸੰਘ ਪਰਵਾਰ ਦੀ ਮਾਨਵ ਦੋਖੀ, ਫਿਰਕੂ ਵਿਚਾਰਧਾਰਾ, ਜਿਸ ਦੀ ਭਾਜਪਾ ਪੈਰੋਕਾਰ ਹੈ, ਕੀ ਸਿੱਖ ਗੁਰੂਆਂ ਦੁਆਰਾ ਰਚੀ ਮਾਨਵ ਹਿਤੈਸ਼ੀ ਬਾਣੀ ਤੇ ਭਗਤੀ ਲਹਿਰ ਦੀਆਂ ਮਹਾਨ ਸਿੱਖਿਆਵਾਂ ਦੇ ਬਿਲਕੁਲ ਵਿਪਰੀਤ ਨਹੀਂ ਹੈ? ਕੀ ਸੰਘ ਦੀ ਵਿਚਾਰਧਾਰਾ ਵੀ ਸਿੱਖਾਂ ਸਮੇਤ ਸਮੂਹ ਧਾਰਮਿਕ ਘੱਟ ਗਿਣਤੀਆਂ ਦੀ ਦੁਸ਼ਮਣ ਨਹੀਂ ਹੈ? ਅਕਾਲੀ ਦਲ-ਭਾਜਪਾ ਗਠਜੋੜ ਦੀਆਂ ਸਰਕਾਰਾਂ ਨੇ ਇੱਕ ਪਾਸੇ ਪੰਜਾਬ ਦੀ ਧਰਤੀ 'ਤੇ ਆਰ.ਐੱਸ.ਐੱਸ. ਦੇ ਪੈਰ ਲਗਵਾਉਣ 'ਚ ਇਮਦਾਦ ਕੀਤੀ ਤੇ ਦੂਸਰੇ ਬੰਨੇ ਸਿੱਖੀ ਵਿਚਾਰਧਾਰਾ ਦੇ ਮਾਨਵੀ ਸਰੋਕਾਰਾਂ ਦੇ ਪਸਰਣ 'ਚ ਵੀ ਭਾਰੀ ਰੁਕਾਵਟ ਪਾਈ। ਜਿਹੜੇ ਅਕਾਲੀ ਆਗੂ, ਅਕਾਲੀ ਦਲ ਤੇ ਭਾਜਪਾ ਦੇ ਗਠਜੋੜ ਨੂੰ 'ਨਹੁੰ ਮਾਸ' ਦਾ ਰਿਸ਼ਤਾ ਦੱਸ ਕੇ ਇਸ ਮੌਕਾਪ੍ਰਸਤ ਸਿਆਸੀ ਕਲਾਬਾਜ਼ੀ ਨੂੰ 'ਹਿੰਦੂ-ਸਿੱਖ ਏਕਤਾ' ਦਾ ਨਾਮ ਦਿੰਦੇ ਨਹੀਂ ਸਨ ਥੱਕਦੇ, ਕੀ ਉਨ੍ਹਾਂ ਤੋਂ ਪੁੱਛਿਆ ਨਹੀਂ ਜਾਣਾ ਚਾਹੀਦਾ ਕਿ ਇਹ ਵੱਡਾ ਗੁਨਾਹ ਕਰਕੇ ਤੁਸੀਂ ਕਿਸ ਦੇ ਹਿੱਤਾਂ ਨੂੰ ਪੱਠੇ ਪਾਏ? ਅਫਸੋਸ, ਇਸ ਬੱਜਰ ਗਲਤੀ ਬਾਰੇ ਅੱਜ ਤੱਕ ਕਦੀ ਵੀ ਕੋਈ ਲੋੜੀਂਦਾ ਸੰਵਾਦ ਨਹੀਂ ਰਚਾਇਆ ਗਿਆ।

### ਕਾਲੇ ਦਿਨਾਂ ਦਾ ਮੁੱਢ ਬੰਨ੍ਹਣ ਦੇ ਦੋਸ਼ੀ ਕੌਣ?

ਕਾਂਗਰਸ ਸਰਕਾਰ ਵੱਲੋਂ ਜੂਨ 1975 'ਚ ਐਲਾਨੀ ਗਈ ਅੰਦਰੂਨੀ ਐਮਰਜੈਂਸੀ ਦੇ ਵਿਰੋਧ 'ਚ ਅਕਾਲੀ ਦਲ ਨੇ ਮੋਰਚਾ ਲਗਾ ਕੇ ਦੇਸ਼ ਦੇ ਸਮੂਹ ਜਮਹੂਰੀ ਹਲਕਿਆਂ 'ਚੋਂ ਚੰਗੀ ਵਾਹ-ਵਾਹ ਖੱਟੀ ਸੀ। ਇਸੇ ਅਰਸੇ ਦੌਰਾਨ ਸਤਲੁਜ-ਯਮੁਨਾ ਲਿੰਕ ਨਹਿਰ ਦੀ ਖੁਦਾਈ ਦੇ ਵਿਰੋਧ 'ਚ ਪਟਿਆਲਾ-ਰਾਜਪੁਰਾ ਵਿਚਕਾਰ ਅਕਾਲੀ ਦਲ ਤੇ ਸੀ.ਪੀ.ਆਈ. (ਐੱਮ.) ਨੇ ਸਾਂਝਾ ਮੋਰਚਾ ਵਿੱਢ ਕੇ ਗ੍ਰਿਫ਼ਤਾਰੀਆਂ ਦੇਣ ਦਾ ਸਿਲਸਿਲਾ ਸ਼ੁਰੂ ਕੀਤਾ ਸੀ। ਇਹ ਮੋਰਚਾ 'ਕਪੂਰੀ ਮੋਰਚੇ' ਦੇ ਨਾਂਅ ਨਾਲ ਜਾਣਿਆ ਜਾਂਦਾ ਹੈ। ਬਾਅਦ 'ਚ ਅਕਾਲੀ ਦਲ ਦੇ ਆਗੂਆਂ ਨੇ ਆਪਣੀ ਮਰਜ਼ੀ ਨਾਲ ਇੱਕ ਪਾਸੜ ਤੌਰ 'ਤੇ ਇਸ ਮੋਰਚੇ ਨੂੰ 'ਧਰਮ ਯੁੱਧ' ਦਾ ਨਾਂਅ ਦੇ ਕੇ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਤਬਦੀਲ ਕਰ ਦਿੱਤਾ। ਇਹ ਇੱਕ ਬੱਜਰ ਗਲਤੀ ਸੀ, ਜਿਸ ਨੇ ਇੱਕ ਜਮਹੂਰੀ ਮੰਗ ਲਈ ਲਗਾਏ ਸਾਰੇ ਪੰਜਾਬੀਆਂ ਦੇ ਸਾਂਝੇ ਮੋਰਚੇ ਨੂੰ ਧਾਰਮਿਕ ਰੰਗਤ ਦੇ ਕੇ ਇੱਕ ਖਾਸ ਫਿਰਕੇ ਨਾਲ ਨੱਥੀ ਕਰ ਦਿੱਤਾ ਸੀ।

1978 ਦੀਆਂ ਅਸੈਂਬਲੀ ਚੋਣਾਂ 'ਚ ਕਾਇਮ ਹੋਈ ਅਕਾਲੀ ਦਲ-ਜਨਤਾ ਪਾਰਟੀ ਦੀ ਗਠਜੋੜ ਸਰਕਾਰ ਦੇ ਕਾਰਜਕਾਲ ਦੌਰਾਨ 1978 'ਚ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਦਮਦਮੀ ਟਕਸਾਲ ਦੇ ਪੈਰੋਕਾਰਾਂ ਤੇ ਨਿਰੰਕਾਰੀਆਂ ਵਿਚਕਾਰ ਹੋਏ ਬੇਲੋੜੇ ਖ਼ੂਨੀ ਸੰਘਰਸ਼ 'ਚ ਦਮਦਮੀ ਟਕਸਾਲ ਨਾਲ ਸੰਬੰਧਤ ਕਈ ਸਿੱਖਾਂ ਦੀ ਦੁਖਦਾਈ ਮੌਤ ਹੋ ਗਈ ਸੀ। ਸਿੱਖ ਫਲਸਫਾ ਜਦੋਂ ਕਿਸੇ ਵੀ ਧਰਮ ਨੂੰ ਮੰਨਣ ਜਾਂ ਨਾ ਮੰਨਣ ਦੀ ਪੂਰਨ ਆਜ਼ਾਦੀ ਦਿੰਦਾ ਹੈ ਤੇ ਜ਼ੋਰ-ਜਬਰ ਨਾਲ ਧਰਮ ਤਬਦੀਲੀ ਜਾਂ ਕਿਸੇ ਹੋਰ ਦੇ ਧਰਮ 'ਚ ਬੇਲੋੜੀ ਦਖ਼ਲ-ਅੰਦਾਜ਼ੀ ਕਰਨ ਦੇ ਮੁੱਢੋਂ ਖ਼ਿਲਾਫ਼ ਹੈ ਤਾਂ ਫਿਰ ਦਮਦਮੀ ਟਕਸਾਲ ਦਾ ਜਥਾ ਨਿਰੰਕਾਰੀਆਂ ਦਾ ਸਮਾਗਮ ਰੁਕਵਾਉਣ ਲਈ ਕਿਉਂ ਗਿਆ ਸੀ? ਇਸ ਦੁਖਾਂਤ ਨੇ ਪੂਰੇ ਪੰਜਾਬ ਨੂੰ ਲੱਗਭੱਗ ਤਿੰਨ ਦਹਾਕੇ ਵੱਡੇ ਸੰਤਾਪ 'ਚ ਸੁੱਟੀ ਰੱਖਿਆ, ਜਿਸ ਦਾ ਦੁਰਪ੍ਰਭਾਵ ਦੇਸ਼ ਦੇ ਦੂਸਰੇ ਹਿੱਸਿਆਂ 'ਚ ਵੀ ਪਿਆ ਸੀ। ਜੇਕਰ ਅੱਜ ਦੇਸ਼ ਭਰ 'ਚ ਨਿਰੰਕਾਰੀਆਂ ਦੀਆਂ ਗਤੀਵਿਧੀਆਂ 1978 ਦੇ ਮੁਕਾਬਲੇ ਕਈ ਗੁਣਾਂ ਜ਼ਿਆਦਾ ਹਨ, ਤਾਂ ਫਿਰ 1978 ਦੇ ਖ਼ੂਨੀ ਕਾਂਡ ਲਈ ਜ਼ਿੰਮੇਵਾਰ ਲੋਕਾਂ ਨੇ ਇਹ ਬੇਲੋੜਾ ਵਿਵਾਦ ਕਿਉਂ ਛੇੜਿਆ ਸੀ? ਇਸ ਹਿੰਸਕ ਕਾਰਵਾਈ ਨਾਲ ਸਿੱਖੀ ਦੀ ਕਿਸ ਪੱਖ ਤੋਂ ਸੇਵਾ ਹੋਈ? ਉਕਤ ਸਾਰੇ ਸਵਾਲਾਂ ਦਾ ਜਵਾਬ ਅੱਜ ਤੱਕ ਨਹੀਂ ਦਿੱਤਾ ਗਿਆ। ਇਸ ਖ਼ੂਨੀ ਕਾਂਡ ਦਾ ਨਾ ਤਾ ਕਦੀ ਯੋਗ ਮੰਥਨ ਹੋਇਆ ਤੇ ਨਾ ਦੁਖਾਂਤ ਲਈ ਜ਼ਿੰਮੇਵਾਰ ਲੋਕਾਂ ਦੀ ਸਪੱਸ਼ਟ ਨਿਸ਼ਾਨਦੇਹੀ ਹੀ ਕੀਤੀ ਗਈ ਹੈ।

(ਬਾਕੀ ਕੱਲ੍ਹ)

# ਸੰਪਰਕ : 98148-82998

# ਚਾਰ ਕਿਰਤ ਕੋਡ ਕਿਰਤੀਆਂ ਦੇ ਜਮਹੂਰੀ ਅਧਿਕਾਰਾਂ ਦੇ ਗਲ 'ਚ ਅੰਗੂਠਾ

ਨਰਭਿੰਦਰ

ਇੱਕ ਪਾਸੇ ਕੇਂਦਰ ਸਰਕਾਰ ਨਵੇਂ ਕਿਰਤ ਕੋਡ ਲਾਗੂ ਕਰਨ ਲਈ ਤੱਤਪਰ ਹੈ, ਪਰ ਦੂਸਰੇ ਪਾਸੇ ਦੇਸ਼ ਵਿੱਚ ਇਨ੍ਹਾਂ ਨੂੰ ਲਾਗੂ ਕਰਨ ਦੀ ਇਕ ਸਾਰ ਵਿਵਸਥਾ ਵੀ ਮੁਕੰਮਲ ਨਹੀਂ ਹੋਈ। ਯਾਦ ਹੋਵੇਗਾ ਕੋਵਿਡ ਮਹਾਂਮਾਰੀ ਸਮੇਂ ਮਜ਼ਦੂਰਾਂ ਦੇ ਅਧਿਕਾਰਾਂ 'ਤੇ ਸਭ ਤੋਂ ਵੱਡਾ ਹਮਲਾ ਨਵੇਂ ਚਾਰ ਕਿਰਤ ਕੋਡਾਂ ਨੂੰ ਥੋਪ ਕੇ ਕੀਤਾ ਗਿਆ ਸੀ। ਕਾਰਪੋਰੇਟਾਂ ਤੇ ਭਾਰਤੀ 5 ਵੱਡੇ ਪੂੰਜੀਪਤੀਆਂ (ਅਡਾਨੀ, ਅੰਬਾਨੀ, ਟਾਟਾ, ਬਿਰਲਾ ਤੇ ਮਿੱਤਲ) ਦੀ ਮੰਗ 'ਤੇ ਉਦਯੋਗਿਕ ਵਿਕਾਸ ਨੂੰ ਹੁਲਾਰਾ ਦੇਣ ਲਈ 20-27 ਸਤੰਬਰ 2020 ਦਰਮਿਆਨ ਤਿੰਨ ਕਿਰਤ ਕੋਡਾਂ ਨੂੰ ਦੋਹਾਂ ਸਦਨਾਂ ਨੇ ਪ੍ਰਵਾਨਗੀ ਦੇ ਦਿੱਤੀ ਸੀ, ਇਨ੍ਹਾਂ ਉੱਤੇ ਭਰਵੀਂ ਬਹਿਸ ਵੀ ਨਹੀਂ ਸੀ ਹੋਈ ਤੇ ਫਿਰ 28 ਸਤੰਬਰ 2020 ਨੂੰ ਰਾਸ਼ਟਰਪਤੀ ਨੇ ਵੀ ਪ੍ਰਵਾਨਗੀ ਦੇ ਦਿੱਤੀ ਸੀ। ਕੋਵਿਡ ਮਹਾਂਮਾਰੀ ਦੇ ਬਹਾਨੇ ਹੇਠ 8 ਘੰਟੇ ਕੰਮ ਦੇ ਦਿਨ ਨੂੰ 12 ਘੰਟੇ ਕੰਮ ਦੇ ਦਿਨ ਵਜੋਂ ਪ੍ਰਵਾਨਤ ਕਰਨਾ ਨਾ ਸਰਦੀ ਲੋੜ ਕਹਿ ਕੇ ਜਾਇਜ਼ ਠਹਿਰਾਇਆ ਸੀ ਤੇ ਫਿਰ ਕਈ ਰਾਜ ਸਰਕਾਰਾਂ ਨੇ ਕੰਮ ਦੇ ਘੰਟੇ ਵਾਲੇ ਨੋਟੀਫਿਕੇਸ਼ਨ ਧੜਾਧੜ ਜਾਰੀ ਕਰ ਦਿੱਤੇ ਸਨ, ਜਿਨ੍ਹਾਂ 'ਚ ਪੰਜਾਬ ਦੀ ਕਾਂਗਰਸ ਸਰਕਾਰ ਵੀ ਮੋਹਰੀ ਸੀ, ਪਰ ਇਸ ਦੇ ਬਾਵਜੂਦ ਇਹ ਕੋਡ ਦੇਸ਼ ਭਰ ਵਿੱਚ ਇੱਕ ਸਾਰ ਲਾਗੂ ਨਹੀਂ ਹੋ ਸਕੇ।

ਕੇਂਦਰ ਸਰਕਾਰ ਚਾਹੁੰਦੀ ਸੀ ਕਿ 2023 ਵਿੱਚ ਹਰ ਹਾਲਤ ਲਾਗੂ ਕਰ ਦਿੱਤੇ ਜਾਣ ਤੇ ਫਿਰ ਉਹਦਾ ਟੀਚਾ ਅਪ੍ਰੈਲ 24 ਵਿੱਚ ਦੇਸ਼ ਵਿੱਚ ਇਕੋ ਸਮੇਂ ਜਾਰੀ ਹੋਣ ਪਰ ਇਸ ਵਿੱਚ ਵੀ ਬਹੁਤ ਸਾਰੇ ਅਦਾਰਿਆਂ ਤੇ ਰਾਜ ਸਰਕਾਰਾਂ ਨੇ ਇਨ੍ਹਾਂ ਸੰਬੰਧੀ ਲੋੜੀਂਦੇ ਨਿਯਮ ਨਹੀਂ ਬਣਾਏ ਜਾਂ ਕਹੋ ਕਿ ਇਹ ਰਫ਼ਤਾਰ ਬਹੁਤ ਢਿੱਲੀ ਚੱਲ ਰਹੀ ਹੈ। ਮਿਸਾਲ ਲਈ ਕੇਂਦਰੀ ਸਮਾਜਿਕ ਸੁਰੱਖਿਆ ਸੰਗਠਨ, ਕਰਮਚਾਰੀ ਭਵਿੱਖ ਨਿਧੀ ਸੰਗਠਨ, ਕਰਮਚਾਰੀ ਰਾਜ ਬੀਮਾ ਨਿਗਮ ਨੇ ਇਨ੍ਹਾਂ ਨਵੇਂ ਕਿਰਤ ਕੋਡਾਂ ਦੇ ਅਨੁਰੂਪ ਲੋੜੀਂਦੀਆਂ ਤਬਦੀਲੀਆਂ ਦੇ ਖਰੜਿਆਂ ਨੂੰ ਰੂਪ-ਰੇਖਾ ਨਹੀਂ ਦਿੱਤੀ। ਉਧਰ ਰਾਜਾਂ ਵੱਲੋਂ ਵੀ ਇਨ੍ਹਾਂ ਨਵੇਂ ਕਿਰਤ ਕੋਡਾਂ ਮੁਤਾਬਕ ਨਿਯਮ ਬਣਾਉਣ ਦੀ ਰਫ਼ਤਾਰ ਬਹੁਤ ਢਿੱਲੀ ਚੱਲ ਰਹੀ ਹੈ 31 ਰਾਜਾਂ ਨੇ ਵੇਤਨ ਕੋਡ ਸੰਬੰਧੀ ਦਿਸ਼ਾ ਨਿਰਦੇਸ਼ ਖਰੜੇ ਪਾਸ ਕਰ ਲਏ ਹਨ। 26 ਰਾਜਾਂ ਨੇ ਕਾਰੋਬਾਰੀ ਥਾਵਾਂ 'ਤੇ ਸੁਰੱਖਿਆ ਸੰਬੰਧੀ ਮਸੌਦੇ ਪਾਸ ਕੀਤੇ ਹਨ। ਜਿਨ੍ਹਾਂ 'ਚ ਉਤਰਾਖੰਡ, ਛਤੀਸਗੜ੍ਹ, ਉੜੀਸਾ, ਅਰੁਨਾਚਲ ਪ੍ਰਦੇਸ਼, ਉੱਤਰ ਪ੍ਰਦੇਸ਼, ਮੱਧ ਪ੍ਰਦੇਸ਼, ਹਰਿਆਣਾ, ਝਾਰਖੰਡ, ਹਿਮਾਚਲ ਪ੍ਰਦੇਸ਼ ਪੰਜਾਬ, ਮਨੀਪੁਰ ਬਿਹਾਰ ਤੇ ਕੇਂਦਰੀ ਸ਼ਾਸਤ ਪ੍ਰਦੇਸ਼ ਹਨ। ਉਧਰ ਭਾਜਪਾ ਨਾਲ ਸੰਬੰਧਤ ਭਾਰਤੀ ਮਜ਼ਦੂਰ ਸੰਘ ਨੂੰ ਛੱਡ ਕੇ ਦੇਸ਼ ਦੀਆਂ 10 ਵੱਡੀਆਂ ਟਰੇਡ ਯੂਨੀਅਨਾਂ ਨੇ ਸਾਰੇ ਕੋਡਾਂ ਤੇ ਸੰਹਿਤਾਵਾਂ ਨੂੰ ਰੱਦ ਕਰਨ ਦੀ ਮੰਗ ਕੀਤੀ ਹੈ ਅਤੇ ਇਸ ਨੂੰ ਮਜ਼ਦੂਰ ਵਿਰੋਧੀ ਕਿਹਾ ਹੈ। ਉਨ੍ਹਾਂ ਸਾਫ਼ ਕਿਹਾ ਹੈ ਕਿ ਇਹ ਮਜ਼ਦੂਰਾਂ ਦੇ ਅਧਿਕਾਰਾਂ ਨੂੰ ਖੋਂਹਦੇ ਹਨ ਅਤੇ ਲੁਟੇਰੇ ਪੂੰਜੀਪਤੀਆਂ ਦੇ ਹਿੱਤਾਂ ਦੀ ਪੂਰਤੀ ਕਰਦੇ ਹਨ। ਕੇਂਦਰ ਸਰਕਾਰ ਦੇ ਕਿਰਤ ਮੰਤਰਾਲੇ ਅਤੇ ਯੂਨੀਅਨਾਂ ਵਿਚਕਾਰ ਗੱਲਬਾਤ ਵਿੱਚ ਖੜੋਤ ਆ ਗਈ ਹੈ। ਕੇਂਦਰ ਚਾਹੁੰਦਾ ਸੀ ਕਿ ਸਾਰੀਆਂ ਟਰੇਡ ਯੂਨੀਅਨਾਂ ਨਾਲ ਪ੍ਰਮੁੱਖ ਮੁੱਦਿਆਂ ਉਤੇ ਸਹਿਮਤੀ ਬਣੇ ਤਾਂ ਕਿ ਉਦਯੋਗਿਕ ਖੇਤਰ ਵਿੱਚ ਹੜਤਾਲਾਂ ਦੇ ਕਾਰਨ ਅਰਥ ਵਿਵਸਥਾ ਪ੍ਰਭਾਵਿਤ ਨਾ ਹੋਵੇ। ਭਾਰਤੀ ਮਜ਼ਦੂਰ ਸੰਘ ਉਹਦੇ ਨਾਲ ਹੈ ਪਰ ਮਜ਼ਦੂਰਾਂ ਵਿੱਚ ਇਸ ਪ੍ਰਤੀ ਬੇਵਿਸ਼ਵਾਸੀ ਪਾਈ ਜਾ ਰਹੀ ਹੈ।

ਨਵੇਂ ਕਿਰਤ ਕੋਡਾਂ 'ਚ ਪਹਿਲਾ ਕੋਡ ਵੇਤਨ ਕੋਡ ਜਿਹੜਾ 2019 ਵਿੱਚ ਆਇਆ ਸੀ, ਵਿੱਚ ਪੂੰਜੀਪਤੀਆਂ ਦੇ ਹੱਥ ਇਸ ਪੱਖੋਂ ਮਜ਼ਬੂਤ ਕਰ ਦਿੱਤੇ ਕਿ ਉਹ ਆਪਣੀ ਮਰਜ਼ੀ ਨਾਲ ਮਜ਼ਦੂਰ ਦੀ ਮਜ਼ਦੂਰੀ ਤਹਿ ਕਰਨ ਲਈ ਆਜ਼ਾਦ ਹੋਵੇਗੀ। ਪਹਿਲਾਂ ਇਹ ਘੱਟੋ-ਘੱਟ ਇੱਕ ਚੰਗੇਰੀ ਜ਼ਿੰਦਗੀ ਦੇ ਮਿਆਰ ਦੇ ਮੁਤਾਬਕ ਸੀ ਕਿ ਇਕ 5 ਮੈਂਬਰੀ ਪਰਵਾਰ ਪਾਲਣ ਲਈ ਮਜ਼ਦੂਰ ਨੂੰ ਕਿੰਨੀ ਪਗਾਰ (ਮਿਹਨਤਾਨੇ ਦੀ ਲੋੜ ਹੈ) ਮਾਪਦੰਡਾਂ ਦੇ ਲਿਹਾਜ ਨਾਲ ਇਹ 25000 ਰੁਪਏ ਬਣਦੀ ਸੀ, ਪਰ ਹੁਣ ਉਹ ਪੂੰਜੀਪਤੀ ਦੇ ਰਹਿਮ 'ਤੇ ਨਿਰਭਰ ਹੋਵੇਗਾ। ਪੂੰਜੀਪਤੀ ਉਹਨੂੰ ਜਿਉਂਦੇ ਰੱਖਣ ਲਈ ਓਨਾ ਕੁ ਹੀ ਵੇਤਨ ਦੇਵੇਗਾ ਕਿ ਉਹਦਾ ਸਰੀਰ ਚਲਦਾ ਰਹੇ। ਇਹਦੀ ਮਿਸਾਲ ਖੁਦ ਕੇਂਦਰ ਦੀ ਭਾਜਪਾ ਸਰਕਾਰ ਵੱਲੋਂ ਤਹਿ ਮਨਰੇਗਾ ਮਜ਼ਦੂਰੀ ਤੋਂ ਦੇਖਿਆ ਜਾ ਸਕਦਾ ਹੈ, ਜਿਹੜੀ ਲੱਗਭੱਗ 180 ਰੁਪਏ ਪ੍ਰਤੀ ਦਿਨ ਹੈ। ਭਾਵ ਮਹੀਨੇ ਦਾ 5600 ਤੋਂ 6000 ਰੁਪਏ।

ਭਾਰਤੀ ਕਾਨੂੰਨਾਂ ਵਿੱਚ ਇੱਕ ਗੱਲ ਹੋਰ ਹੈ ਕਿ ਅਜੇ ਤੱਕ ਕਰਮਚਾਰੀ, ਕਾਮਗਰ ਤੇ ਮਜ਼ਦੂਰ ਨੂੰ ਅਲੱਗ-ਅਲੱਗ ਤੌਰ 'ਤੇ ਪ੍ਰੀਭਾਸ਼ਤ ਨਹੀਂ ਕੀਤਾ ਗਿਆ, ਸਗੋਂ ਇਸ ਰੂਪ ਵਿੱਚ ਹੈ ਕਿ ਸਿੱਖਿਅਤ ਮਜ਼ਦੂਰ, ਅਰਧ ਸਿੱਖਿਅਤ ਮਜ਼ਦੂਰ ਤੇ ਗੈਰ ਸਿੱਖਿਅਤ ਮਜ਼ਦੂਰ ਜਿਹਨੂੰ ਕਈ ਵਾਰ ਹੁਨਰਮੰਦ, ਅਰਧ ਹੁਨਰਮੰਦ ਤੇ ਗੈਰ ਹੁਨਰਮੰਦ ਦੇ ਤੌਰ 'ਤੇ ਚਿੰਨ੍ਹਤ ਕੀਤਾ ਜਾਂਦਾ ਹੈ। ਤਿੰਨਾਂ ਲਈ ਮਜ਼ਦੂਰੀ ਦੀਆਂ ਦਰਾਂ ਵੱਖ-ਵੱਖ ਹਨ, ਜਦੋਂ ਕਿ ਗੈਰ ਹੁਨਰਮੰਦ ਜਾਂ ਸਿਖਾਂਦਰੂ ਮਜ਼ਦੂਰ ਕੋਲੋਂ ਵੀ ਓਨਾ ਹੀ ਕੰਮ ਲਿਆ ਜਾਂਦਾ ਹੈ, ਜਿੰਨਾ ਸਿੱਖਿਅਤ ਮਜ਼ਦੂਰ ਕੰਮ ਕਰਦਾ ਹੈ। ਇਸ ਵਿੱਚ ਇੱਕ ਹੋਰ ਮੱਦ ਦਰਜ ਹੈ ਕਿ ਕੰਮ ਦੇ ਘੰਟੇ 12 ਹੋਣਗੇ ਅਤੇ ਹਫ਼ਤੇ ਵਿੱਚ 48 ਘੰਟੇ ਕੰਮ ਕਰਨਾ ਹੋਵੇਗਾ ਭਾਵ ਚਾਰ ਦਿਨ ਕੰਮ ਕਰਨਾ ਪਵੇਗਾ, ਤਿੰਨ ਦਿਨ ਛੁੱਟੀ। ਉਧਰ ਕਰਮਚਾਰੀਆਂ ਲਈ ਜੋ ਤਨਖ਼ਾਹ ਨਿਰਧਾਰਤ ਹੈ, ਉਸ 'ਚ ਨਗਦ ਤਨਖ਼ਾਹ ਘੱਟ ਜਾਵੇਗੀ ਅਤੇ ਇਹ ਰਾਸ਼ੀ ਪ੍ਰੋਵੀਡੈਂਟ ਫੰਡ ਵਿੱਚ ਜਮ੍ਹਾਂ ਹੋ ਜਾਵੇਗੀ। ਦਲੀਲ ਇਹ ਕਿ ਉਹਦੀ ਰਿਟਾਇਰਮੈਂਟ ਸਮੇਂ ਬਕਾਇਆ ਤੇ ਗਰੈਚੂਟੀ ਰਾਸ਼ੀ ਵੱਧ ਮਿਲੇਗੀ। ਪੈਨਸ਼ਨ ਦਾ ਤਾਂ ਪਹਿਲਾਂ ਹੀ ਭੋਗ ਪਾ ਦਿੱਤਾ ਗਿਆ ਹੈ। ਬੜੀ ਚਲਾਕੀ ਨਾਲ ਸਰਕਾਰ ਜਿਹੜੀ ਰਾਸ਼ੀ ਪ੍ਰੋਵੀਡੈਂਟ ਫੰਡ ਵਿੱਚ ਕੱਟੇਗੀ, ਲੰਮਾ ਸਮਾਂ ਉਸ ਰਾਸ਼ੀ ਦੀ ਵਰਤੋਂ ਪੂੰਜੀਪਤੀਆਂ ਨੂੰ ਪੂੰਜੀ ਵਧਾਉਣ ਲਈ ਮੁਹੱਈਆ ਕਰਵਾਵੇਗੀ। ਇਹ ਤਨਖ਼ਾਹ ਦਾ ਲੱਗਭੱਗ ਅੱਧਾ ਹਿੱਸਾ ਹੋਵੇਗਾ।

ਇਨ੍ਹਾਂ ਕੋਡਾਂ ਵਿੱਚ ਸਮਾਜਿਕ ਸੁਰੱਖਿਆ, ਕੰਮ ਦੇ ਸਥਾਨ ਉਤੇ ਸੁਰੱਖਿਆ ਤੇ ਹਾਦਸੇ ਸਮੇਂ ਮੁਆਵਜ਼ੇ ਆਦਿ ਤੋਂ ਵੀ ਪੂੰਜੀਪਤੀਆਂ ਨੂੰ ਮੁਕਤ ਕਰ ਦਿੱਤਾ ਹੈ। ਬਰਤਾਨਵੀ ਭਾਰਤ ਤੇ ਪਿਛਲੇਰੇ 70 ਸਾਲ ਦੇ 'ਆਜ਼ਾਦ' ਭਾਰਤ ਵਿੱਚ ਇਹ ਪਹਿਲੀ ਵਾਰ ਵਾਪਰ ਰਿਹਾ ਹੈ ਕਿ ਮਜ਼ਦੂਰਾਂ ਨੂੰ ਘੱਟ ਤਨਖ਼ਾਹ 'ਤੇ ਡੇਢ ਗੁਣਾ ਕੰਮ ਕਰਨਾ ਪਵੇਗਾ ਅਤੇ ਸੁਰੱਖਿਆ ਦੀ ਗਾਰੰਟੀ ਵੀ ਕੋਈ ਨਹੀਂ ਹੋਵੇਗੀ। ਭਾਵ ਇਕ ਨਵ ਗੁਲਾਮ ਵਿਵਸਥਾ ਵੱਲ ਇਕ ਕਦਮ ਹਨ ਇਹ ਨਵੇਂ ਕਿਰਤ ਕੋਡ।

ਇਸ ਦੇ ਨਾਲ ਹੀ ਇਹ ਕਿਰਤ ਕੋਡ ਯੂਨੀਅਨ ਬਣਾਉਣ ਦੇ ਅਧਿਕਾਰ ਨੂੰ ਵੀ ਖੋਂਹਦੇ ਹਨ ਅਤੇ ਹੜਤਾਲ ਕਰਨ ਦੇ ਅਧਿਕਾਰ ਨੂੰ ਵੀ। ਟਰੇਡ ਯੂਨੀਅਨ ਰਜਿਸਟਰਾਰ ਨੂੰ ਇਹ ਅਧਿਕਾਰ ਹੈ ਕਿ ਉਹ ਕਿਸੇ ਵੀ ਯੂਨੀਅਨ ਦੀ ਰਜਿਸਟਰੇਸ਼ਨ ਕਰੇ ਜਾਂ ਕਿਸ ਦੀ ਰੱਦ ਕਰੇ। ਇਹਦੀ ਮਿਸਾਲ ਗੜਗਾਵਾਂ ਸਥਿਤ ਬੇਲਸੋਨਿਕਾ ਫੈਕਟਰੀ ਦੀ ਹੈ, ਜਿਹੜੀ ਮਾਰੂਤੀ ਸੁਜ਼ੂਕੀ ਦੀ ਜਾਇੰਟ ਵੈਂਚਰ ਕੰਪਨੀ ਹੈ। ਇਥੇ ਕੰਮ ਕਰ ਰਹੀ ਯੂਨੀਅਨ ਦੀ ਕਿਰਤ ਰਜਿਸਟਰਾਰ ਨੇ ਮਾਨਤਾ ਇਸ ਆਧਾਰ 'ਤੇ ਰੱਦ ਕਰ ਦਿੱਤੀ ਕਿ ਉਨ੍ਹਾਂ ਨੇ ਇਕ ਅਸਥਾਈ ਮਜ਼ਦੂਰ ਨੂੰ ਯੂਨੀਅਨ ਦਾ ਮੈਂਬਰ ਬਣਾ ਲਿਆ। ਦਲੀਲ ਇਹ ਕਿ ਸਿਰਫ਼ ਸਥਾਈ ਮਜ਼ਦੂਰ ਹੀ ਯੂਨੀਅਨ ਬਣਾਉਣ ਦਾ ਅਧਿਕਾਰ ਰੱਖਦੇ ਹਨ।

ਇਥੇ ਹੀ ਬੱਸ ਨਹੀਂ ਹੜਤਾਲਾਂ ਬਾਰੇ ਵੀ ਇਨ੍ਹਾਂ ਕਿਰਤ ਕੋਡਾਂ ਵਿੱਚ ਬਹੁਤ ਸਖ਼ਤ ਕਦਮ ਚੁੱਕੇ ਗਏ ਹਨ। ਕਿਸੇ ਵੀ ਯੂਨੀਅਨ ਨੂੰ ਹੁਣ 60 ਦਿਨ ਪਹਿਲਾਂ ਹੜਤਾਲ ਕਰਨ ਦਾ ਨੋਟਿਸ ਦੇਣਾ ਪਵੇਗਾ। ਤੇ ਫਿਰ ਸਨਅਤ ਮਾਲਕ ਕੋਲ 60 ਦਿਨ ਹੋਰ ਰੋਕ ਲਾਉਣ ਦਾ ਅਧਿਕਾਰ ਹੈ ਤੇ ਸਰਕਾਰ ਲੋੜੀਂਦੇ ਸੁਰੱਖਿਆ ਸੇਵਾ ਕਾਨੂੰਨ (ਈ ਡੀ ਐੱਸ ਏ) ਤਹਿਤ ਹੜਤਾਲ ਨੂੰ ਗੈਰ ਕਾਨੂੰਨੀ ਗਰਦਾਨਣ ਦਾ ਵੀ ਅਧਿਕਾਰ ਰੱਖਦੀ ਹੈ। ਇਨ੍ਹਾਂ ਕੋਡਾਂ ਵਿੱਚ ਹੜਤਾਲ ਕਰਨਾ ਗੈਰ ਕਾਨੂੰਨੀ ਹੈ ਅਤੇ ਇਸ ਨੂੰ ਅਪਰਾਧਿਕ ਕੰਮ ਐਲਾਨਿਆ ਗਿਆ ਹੈ ਅਤੇ ਹੜਤਾਲ ਦੀ ਵਕਾਲਤ ਕਰਨ ਵਾਲਿਆਂ ਲਈ ਵੀ ਜੇਲ੍ਹ ਦੀ ਸਜ਼ਾ ਦੀ ਮੱਦ ਸ਼ਾਮਲ ਹੈ। ਯਾਦ ਹੋਵੇਗਾ 1928 ਵਿੱਚ ਜਿਸ ਟਰੇਡ ਡਿਸਪਿਊਟ ਐਕਟ ਨੂੰ ਰੋਕਣ ਲਈ ਸ਼ਹੀਦ ਭਗਤ ਸਿੰਘ ਤੇ ਬਟੁਕੇਸ਼ਵਰ ਦੱਤ ਨੇ ਸੰਸਦ ਵਿੱਚ ਬੰਬ ਸੁੱਟੇ ਸੀ, ਉਸ ਨਾਲੋਂ ਵੀ ਖ਼ਤਰਨਾਕ ਕਾਨੂੰਨ-ਭਾਜਪਾ ਦੀ ਮੋਦੀ ਸਰਕਾਰ ਲੈ ਕੇ ਆ ਰਹੀ ਹੈ।

ਦਰਅਸਲ 1990 ਤੋਂ ਪਿੱਛੋਂ ਕਿਰਤੀਆਂ ਦੇ ਹੱਕ ਸੁਨਿਸ਼ਚਤ ਕਰਨ ਵਾਲੇ ਕਾਨੂੰਨਾਂ ਵਿੱਚ ਬਦਲਾਅ ਦਾ ਸਿਲਸਿਲਾ ਸ਼ੁਰੂ ਹੋਇਆ। 2009 ਵਿੱਚ ਕਾਮਗਰ ਮੁਆਵਜ਼ਾ ਨਿਯਮ 1923 ਨੂੰ ਤਬਦੀਲ ਕੀਤਾ ਅਤੇ ਇਸ ਦਾ ਨਾਂਅ ਵੀ ਕਰਮਚਾਰੀ ਮੁਆਵਜ਼ਾ ਨਿਯਮ ਕਰ ਦਿੱਤਾ ਗਿਆ। ਸੁਧਾਰਾਂ ਦੇ ਨਾਂ ਹੇਠ ਪੂੰਜੀਪਤੀਆ ਨੂੰ ਰਿਆਇਤਾਂ ਦੇਣ ਅਤੇ ਉਨ੍ਹਾਂ ਨੂੰ ਕਾਮਿਆਂ ਪ੍ਰਤੀ ਬਣਦੀਆਂ ਜ਼ਿੰਮੇਵਾਰੀਆਂ ਤੋਂ ਛੋਟਾਂ ਦੇਣ ਦਾ ਜੋ ਸਿਲਸਲਾ ਸ਼ੁਰੂ ਹੋਇਆ 2020 ਵਿੱਚ ਨਵੇਂ ਕਿਰਤ ਕੋਡ ਉਹਦੀ ਸਿਖ਼ਰ ਹਨ ਅਤੇ ਹੁਣ ਇਨ੍ਹਾਂ ਨੂੰ ਅਮਲੀ ਜਾਮਾ ਪਹਿਨਾਉਣ ਲਈ ਹਕੂਮਤ ਉਤਾਵਲੀ ਹੈ। ਗੈਰ ਜਥੇਬੰਦਕ ਖੇਤਰ ਵਿੱਚ ਕੰਮ ਕਰਦੇ ਲੱਖਾਂ ਮਜ਼ਦੂਰ ਤੇ ਠੇਕੇਦਾਰੀ ਪ੍ਰਥਾ ਅਧੀਨ ਕੰਮ ਕਰਦੇ ਜਾਂ ਵਰਕਰ ਪਹਿਲਾਂ ਹੀ ਇਨ੍ਹਾਂ ਕਾਨੂੰਨਾਂ ਦਾ ਲਾਭ ਲੈਣ ਤੋਂ ਵਾਂਝੇ ਸਨ। ਦਰਅਸਲ ਭਾਰਤੀ ਹਕੂਮਤ ਮਜ਼ਦੂਰਾਂ ਦੇ ਅਧਿਕਾਰਾਂ ਪ੍ਰਤੀ ਕਦੇ ਵੀ ਗੰਭੀਰ ਨਹੀਂ ਰਹੇ। ਜਿਹੜੇ ਅਧਿਕਾਰ ਮਜ਼ਦੂਰਾਂ ਨੇ ਹਾਸਲ ਕੀਤੇ ਸਨ, ਇਹ ਬਰਤਾਨਵੀ ਹਾਕਮਾਂ ਵਿਰੁੱਧ ਮੁਕਤੀ ਦੀ ਲੜਾਈ ਦਾ ਸਿੱਟਾ ਹਨ ਜਾਂ ਫਿਰ 1947 ਤੋਂ ਪਿੱਛੋਂ ਮਜ਼ਬੂਤ ਟਰੇਡ ਯੂਨੀਅਨ ਲਹਿਰ ਦਾ ਹਾਸਲ ਹਨ। 90ਵਿਆਂ ਤੋਂ ਪਿੱਛੋਂ ਮਜ਼ਦੂਰਾਂ ਦੀ ਲਹਿਰ ਦੀ ਜਥੇਬੰਦਕ ਤਾਕਤ ਖਿੰਡਣੀ ਸ਼ੁਰੂ ਹੋਈ ਅਤੇ ਹਾਕਮ ਉਨ੍ਹਾਂ ਨੂੰ ਮਿਲੇ ਤੁੱਛ ਅਧਿਕਾਰਾਂ ਨੂੰ ਵੀ ਖੋਹਣ ਚੱਲ ਪਏ। ਵਿਸ਼ੇਸ਼ ਕਰਕੇ ਹੁਣ ਜਦੋਂ ਬੇਰੁਜ਼ਗਾਰੀ ਆਪਣੀ ਸਭ ਤੋਂ ਸਿਖਰਲੀ ਸੀਮਾ 'ਤੇ ਪਹੁੰਚ ਗਈ ਹੈ ਤਾਂ ਕਾਰਪੋਰੇਟ ਪੂੰਜੀ ਲਈ ਆਪਣੇ ਮੁਨਾਫ਼ਿਆਂ ਨੂੰ ਹੋਰ ਵਧਾਉਣ ਲਈ ਸਸਤੀ ਤੋਂ ਸਸਤੀ ਅਤੇ ਬਿਨਾਂ ਕਿਸੇ ਬੰਧੇਜ਼ ਤੇ ਦਬਾਅ ਦੇ ਮਜ਼ਦੂਰਾਂ ਦੀ ਪੂਰਤੀ ਦੀ ਲੋੜ ਹੈ। ਜਿਸ ਦੀ ਸੇਵਾ ਵਿੱਚ ਭਾਰਤੀ ਹਾਕਮ ਵਿਸ਼ੇਸ਼ ਕਰਕੇ ਭਾਜਪਾ ਦੀ ਮੋਦੀ ਸਰਕਾਰ ਜਿਹੜੀ ਘੋਰ ਮਜ਼ਦੂਰ ਵਿਰੋਧੀ ਹੈ, ਨਵੇਂ ਕਿਰਤ ਕੋਡ ਲੈ ਕੇ ਹਾਜ਼ਰ ਹੈ।

# ਸੰਪਰਕ : 93544-30211

28-Jun-PAGE-9.qxd 6/27/2024 10:31 PM Page 1



# ਪੈਸੇ ਦੀ ਦੁਰਵਰਤੋਂ ਰੋਕਣ ਲਈ ਆਮਦਨ ਕਰਨ ਵਿਭਾਗ ਨੇ ਸਥਾਪਤ ਕੀਤਾ ਕੰਟਰੋਲ ਰੂਮ

**ਜਲੰਧਰ ( ਸ਼ੈਲੀ ਐਲਬਰਟ)**-ਭਾਰਤੀ ਚੋਣ ਕਮਿਸ਼ਨ ਦੇ ਹੁਕਮਾਂ ਤਹਿਤ ਆਮਦਨ ਕਰ ਵਿਭਾਗ ਦੇ ਜਾਂਚ ਡਾਇਰੈਕਟੋਰੇਟ ਧਰਮਿੰਦਰ ਸਿੰਘ ਪੂਨੀਆ ਨੇ ਦੱਸਿਆ ਕਿ ਵਿਧਾਨ ਸਭਾ ਉਪ ਚੋਣ-2024 ਵਿੱਚ ਪੈਸੇ ਦੀ ਦੁਰਵਰਤੋਂ ਨੂੰ ਰੋਕਣ ਲਈ ਪੁਖ਼ਤਾ ਪ੍ਰਬੰਧ ਕੀਤੇ ਹਨ।ਦੱਸਿਆ ਕਿ ਇਸ ਸਬੰਧ ਵਿੱਚ ਜਾਣਕਾਰੀ/ਸ਼ਿਕਾਇਤਾਂ ਪ੍ਰਾਪਤ ਕਰਨ ਲਈ ਪੰਜਾਬ ਰਾਜ ਲਈ ਇਨਕਮ ਟੈਕਸ ਦਫ਼ਤਰ, ਜਲੰਧਰ ਵਿਖੇ ਇੱਕ ਟੋਲ-ਫਰੀ ਨੰਬਰ (1800-180-2141) ਅਤੇ ਇੱਕ ਵਟਸਐਪ ਨੰਬਰ (75891-66713) ਵਾਲਾ ਇੱਕ ਕੰਟਰੋਲ ਰੂਮ ਸਥਾਪਤ ਕੀਤਾ ਗਿਆ ਹੈ ਅਤੇ ਇਹ 24 ਘੰਟੇ ਕੰਮ ਕਰਦਾ ਹੈ।ਉਨ੍ਹਾਂ ਕਿਹਾ ਕਿ ਲੋਕ ਨੂੰ ਇਨ੍ਹਾਂ ਨੰਬਰਾਂ 'ਤੇ ਕਾਲ ਕਰਨ ਅਤੇ ਚੋਣ ਪ੍ਰਕਿਰਿਆ ਨੂੰ ਗਲਤ ਢੰਗ ਨਾਲ ਪ੍ਰਭਾਵਿਤ ਕਰਨ ਲਈ ਵਰਤੇ ਜਾਂਦੇ ਨਕਦੀ ਜਾਂ ਹੋਰ ਕੀਮਤੀ ਚੀਜ਼ਾਂ ਨਾਲ ਸਬੰਧਤ ਖਾਸ ਜਾਣਕਾਰੀ ਦੇਣ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ। ਉਨ੍ਹਾਂ ਦੱਸਿਆ ਕਿ ਕਾਲ ਕਰਨ ਵਾਲਿਆਂ ਦੀ ਪਛਾਣ ਗੁਪਤ ਰੱਖੀ ਜਾਵੇਗੀ।ਉਨ੍ਹਾਂ ਦੱਸਿਆ ਕਿ ਜ਼ਿਲੇ ਵਿੱਚ ਉਪ ਚੋਣ ਸਬੰਧੀ ਸ਼ਿਕਾਇਤਾਂ ਦੇ ਨਿਪਟਾਰੇ ਲਈ ਅਧਿਕਾਰੀਆਂ ਅਤੇ ਇੰਸਪੈਕਟਰਾਂ ਦੀਆਂ ਟੀਮਾਂ ਤਾਇਨਾਤ ਕੀਤੀਆਂ ਗਈਆਂ ਹਨ। ਸੂਚਨਾ ਦੀ ਪ੍ਰਮਾਣਿਕਤਾ ਦੇ ਆਧਾਰ 'ਤੇ ਅਤੇ ਜਾਂਚ ਤੋਂ ਬਾਅਦ ਕਾਨੂੰਨ ਅਨੁਸਾਰ ਢੁਕਵੇਂ ਮਾਮਲਿਆਂ 'ਚ ਨਕਦੀ ਆਦਿ ਜ਼ਬਤ ਕਰਨ ਦੀ ਕਾਰਵਾਈ ਕੀਤੀ ਜਾਵੇਗੀ। ਇਹ ਟੀਮਾਂ ਜ਼ਿਲ੍ਹਾ ਚੋਣ ਅਫ਼ਸਰ (ਡੀ.ਈ.ਓ.) ਦੇ ਜ਼ਿਲ੍ਹਾ ਕੰਟਰੋਲ ਰੂਮ ਦੇ ਨਾਲ-ਨਾਲ ਜ਼ਿਲ੍ਹਾ ਪੱਧਰ 'ਤੇ ਹੋਰ ਏਜੰਸੀਆਂ ਨਾਲ ਨਜ਼ਦੀਕੀ ਤਾਲਮੇਲ ਵਿੱਚ ਕੰਮ ਕਰਨਗੀਆਂ।ਉਨ੍ਹਾਂ ਦੱਸਿਆ ਕਿ ਚੋਣ ਪ੍ਰਕਿਰਿਆ ਦੌਰਾਨ ਬੇਹਿਸਾਬ ਨਕਦੀ ਦੇ ਪ੍ਰਬੰਧਨ ਵਿੱਚ ਸੰਭਾਵਿਤ ਤੌਰ 'ਤੇ ਸ਼ਾਮਲ ਵਿਅਕਤੀਆਂ, ਸਥਾਨਾਂ ਅਤੇ ਗਤੀਵਿਧੀਆਂ 'ਤੇ ਸਖ਼ਤ ਨਜ਼ਰ ਰੱਖੀ ਜਾ ਰਹੀ ਹੈ। ਏਅਰ ਇੰਟੈਲੀਜੈਂਸ ਯੂਨਿਟ ਪੰਜਾਬ ਰਾਜ ਦੇ ਸਾਰੇ ਹਵਾਈ ਅੱਡਿਆਂ ਦੇ ਨਾਲ-ਨਾਲ ਰਾਜ ਲਈ ਵਪਾਰਕ ਉਡਾਣਾਂ ਦੀ ਸੇਵਾ ਕਰਨ ਵਾਲੇ ਹਵਾਈ ਅੱਡਿਆਂ 'ਤੇ ਕਾਰਜਸ਼ੀਲ ਹੈ। ਇਹ ਯੂਨਿਟ ਹਵਾਈ ਰਾਹੀਂ ਨਕਦੀ ਦੀ ਆਵਾਜਾਈ 'ਤੇ ਤਿੱਖੀ ਨਜ਼ਰ ਰੱਖ ਰਹੇ ਹਨ। ਇਸੇ ਤਰ੍ਹਾਂ ਰੇਲਵੇ ਰਾਹੀਂ ਨਕਦੀ ਆਦਿ ਦੀ ਆਵਾਜਾਈ 'ਤੇ ਵੀ ਰੇਲਵੇ ਅਧਿਕਾਰੀਆਂ ਨਾਲ ਤਾਲਮੇਲ ਕਰਕੇ ਨਿਗਰਾਨੀ ਰੱਖੀ ਜਾ ਰਹੀ ਹੈ।ਉਨ੍ਹਾਂ ਇਹ ਵੀ ਦੱਸਿਆ ਕਿ ਬੈਂਕ ਖਾਤਿਆਂ ਤੋਂ ਇੱਕ ਨਿਸ਼ਚਿਤ ਸੀਮਾ ਤੋਂ ਵੱਧ ਨਕਦੀ ਕਢਵਾਉਣ ਨਾਲ ਸਬੰਧਤ ਜਾਣਕਾਰੀ ਪ੍ਰਾਪਤ ਕੀਤੀ ਜਾ ਰਹੀ ਹੈ ਅਤੇ ਸ਼ੱਕੀ ਲੈਣ-ਦੇਣ ਦੀ ਪਛਾਣ ਕਰਨ ਅਤੇ ਉਚਿਤ ਕਾਰਵਾਈ ਕਰਨ ਲਈ ਕਾਰਵਾਈ ਕੀਤੀ ਜਾ ਰਹੀ ਹੈ। ਡਾਇਰੈਕਟੋਰੇਟ ਉਮੀਦਵਾਰਾਂ ਦੀਆਂ ਜਾਇਦਾਦਾਂ ਅਤੇ ਦੇਣਦਾਰੀਆਂ ਨੂੰ ਘੋਸ਼ਿਤ ਕਰਨ ਵਾਲੇ ਹਲਫ਼ਨਾਮਿਆਂ ਦੀ ਵੀ ਜਾਂਚ ਕਰੇਗਾ ਅਤੇ ਜੇਕਰ ਇਸ ਨਾਲ ਸਬੰਧਤ ਕੋਈ ਵੀ ਜਾਣਕਾਰੀ ਛੁਪੀ ਹੋਈ ਹੈ, ਤਾਂ ਉਸ ਸਬੰਧੀ ਸੂਚਨਾ ਚੋਣ ਕਮਿਸ਼ਨ ਨੂੰ ਦਿੱਤੀ ਜਾਵੇਗੀ। ਇਸੇ ਤਰ੍ਹਾਂ ਜੇਕਰ ਉਮੀਦਵਾਰਾਂ ਵੱਲੋਂ ਚੋਣ ਖਰਚੇ ਸਬੰਧੀ ਕੋਈ ਇਤਰਾਜ਼ਯੋਗ ਜਾਣਕਾਰੀ ਇਕੱਠੀ ਕੀਤੀ ਜਾਂਦੀ ਹੈ ਤਾਂ ਉਸ ਦੀ ਸੂਚਨਾ ਚੋਣ ਕਮਿਸ਼ਨ ਨੂੰ ਵੀ ਦਿੱਤੀ ਜਾਵੇਗੀ।

# ਭਾਜਪਾ ਆਮ ਆਦਮੀ ਪਾਰਟੀ ਖਿਲਾਫ ਸਿਆਸੀ ਬਦਲਾਖੋਰੀ ਤਹਿਤ ਕੰਮ ਕਰ ਰਹੀ : ਮਲਵਿੰਦਰ ਕੰਗ

**ਚੰਡੀਗੜ੍ਹ, (ਗੁਰਜੀਤ ਬਿੱਲਾ)**- ਆਪ ਕਨਵੀਨਰ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਮੰਗਲਵਾਰ ਰਾਤ ਨੂੰ ਸੀ ਬੀ ਆਈ ਵੱਲੋਂ ਕੀਤੀ ਗਈ ਗ੍ਰਿਫਤਾਰੀ 'ਤੇ ਆਮ ਆਦਮੀ ਪਾਰਟੀ ਨੇ ਤਿੱਖੀ ਪ੍ਰਤੀਕਿਰਿਆ ਦਿੱਤੀ ਹੈ। ਪਾਰਟੀ ਨੇ ਭਾਰਤੀ ਜਨਤਾ ਪਾਰਟੀ 'ਤੇ ਜਾਂਚ ਏਜੰਸੀਆਂ ਦੀ ਦੁਰਵਰਤੋਂ ਕਰਨ ਦਾ ਦੋਸ਼ ਲਾਉਂਦਿਆਂ ਕਿਹਾ ਕਿ ਇਹ ਭਾਜਪਾ ਸਰਕਾਰ ਦਾ ਗੈਰ-ਜਮਹੂਰੀ ਅਤੇ ਗੈਰ-ਸੰਵਿਧਾਨਕ ਕਦਮ ਹੈ। ਬੁੱਧਵਾਰ ਨੂੰ ਆਮ ਆਦਮੀ ਪਾਰਟੀ ਪੰਜਾਬ ਦੇ ਮੁੱਖ ਬੁਲਾਰੇ ਅਤੇ ਸੰਸਦ ਮੈਂਬਰ ਮਲਵਿੰਦਰ ਸਿੰਘ ਕੰਗ ਨੇ ਇਸ ਮਾਮਲੇ 'ਤੇ ਪ੍ਰਤੀਕਿਰਿਆ ਦਿੰਦੇ ਹੋਏ ਕਿਹਾ ਕਿ ਭਾਜਪਾ ਸਿਆਸੀ ਬਦਲਾਖੋਰੀ ਤਹਿਤ ਆਮ ਆਦਮੀ ਪਾਰਟੀ ਖਿਲਾਫ ਕੰਮ ਕਰ ਰਹੀ ਹੈ। ਭਾਜਪਾ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਕਿਸੇ ਵੀ ਤਰੀਕੇ ਨਾਲ ਆਮ ਆਦਮੀ ਪਾਰਟੀ ਨੂੰ ਖਤਮ ਕਰਨਾ ਚਾਹੁੰਦੇ ਹਨ। ਇਸ ਲਈ ਮੋਦੀ ਸਰਕਾਰ ਅਰਵਿੰਦ ਕੇਜਰੀਵਾਲ ਅਤੇ 'ਆਪ' ਆਗੂਆਂ ਖਿਲਾਫ ਦੇਸ ਦੀਆਂ ਜਾਂਚ ਏਜੰਸੀਆਂ ਦੀ ਗਲਤ ਵਰਤੋਂ ਕਰ ਰਹੀ ਹੈ। ਕੰਗ ਨੇ ਕਿਹਾ ਕਿ ਅਰਵਿੰਦ ਕੇਜਰੀਵਾਲ ਨੂੰ ਹੇਠਲੀ ਅਦਾਲਤ ਤੋਂ ਜ਼ਮਾਨਤ ਮਿਲਣ ਤੋਂ ਬਾਅਦ ਜਿਸ ਤਰ੍ਹਾਂ ਈ ਡੀ ਨੇ ਫੌਰੀ ਤੌਰ 'ਤੇ ਫੈਸਲੇ ਦੀ ਕਾਪੀ ਨਾ ਮਿਲਣ 'ਤੇ ਹਾਈ ਕੋਰਟ ਤੱਕ ਪਹੁੰਚ ਕੀਤੀ ਹੈ, ਉਸ ਤੋਂ ਸਾਫ ਪਤਾ ਲਗਦਾ ਹੈ ਕਿ ਇਹ ਸਭ ਕੁਝ ਪ੍ਰਧਾਨ ਮੰਤਰੀ ਮੋਦੀ ਅਤੇ ਭਾਜਪਾ ਦੇ ਇਸ਼ਾਰੇ 'ਤੇ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ ਇਸ ਮਾਮਲੇ ਦੇ ਮੁੱਖ ਮੁਲਜ਼ਮ ਰਾਘਵ ਰੈਡੀ ਅਤੇ ਸਰਦਚੰਦਰ ਰੈਡੀ ਨਾਲ ਭਾਜਪਾ ਦੇ ਸਬੰਧ ਹਨ।

ਉਨ੍ਹਾਂ ਨੇ ਚੋਣ ਬਾਂਡ ਰਾਹੀਂ ਭਾਜਪਾ ਨੂੰ 60 ਕਰੋੜ ਰੁਪਏ ਦੇ ਚੋਣ ਫੰਡ ਦਿੱਤੇ ਹਨ। ਉਨ੍ਹਾਂ ਕਿਹਾ ਕਿ ਭਾਜਪਾ ਨੂੰ ਫੰਡ ਦੇਣ ਵਾਲੇ ਵਿਅਕਤੀ ਦੇ ਬਿਆਨ ਦੇ ਆਧਾਰ 'ਤੇ ਈ ਡੀ ਨੇ ਅਰਵਿੰਦ ਕੇਜਰੀਵਾਲ ਨੂੰ ਗ੍ਰਿਫਤਾਰ ਕੀਤਾ ਹੈ। ਉਨ੍ਹਾਂ ਨੇ ਰਾਘਵ ਰੈਡੀ ਦੇ ਪਿਤਾ ਨੂੰ ਲੋਕ ਸਭਾ ਟਿਕਟ ਵੀ ਦਿੱਤੀ ਹੈ। ਇਸ ਤੋਂ ਉਨ੍ਹਾਂ ਦੇ ਇਰਾਦੇ ਸਾਫ ਦਿਖਾਈ ਦਿੰਦੇ ਹਨ। ਉਨ੍ਹਾਂ ਕਿਹਾ ਕਿ ਸਾਨੂੰ ਅਦਾਲਤ ਤੋਂ ਨਿਆਂ ਜ਼ਰੂਰ ਮਿਲੇਗਾ। ਜਲਦੀ ਹੀ ਅਰਵਿੰਦ ਕੇਜਰੀਵਾਲ ਇਸ ਮਾਮਲੇ 'ਚ ਬੇਕਸੂਰ ਸਾਬਤ ਹੋ ਜਾਣਗੇ ਅਤੇ ਉਨ੍ਹਾਂ ਨੂੰ ਜ਼ਮਾਨਤ ਮਿਲ ਜਾਵੇਗੀ ਅਤੇ ਭਾਜਪਾ ਦੀ ਸਾਜ਼ਿਸ਼ ਲੋਕਾਂ ਸਾਹਮਣੇ ਆ ਜਾਵੇਗੀ।

# ਮੁੱਖ ਮੰਤਰੀ ਨੇ ਦੀਪ ਨਗਰ 'ਚ ਲਾਇਆ 301 ਕੋਠੀ 'ਚ ਡੇਰਾ



**ਜਲੰਧਰ (ਸੁਰਿੰਦਰ ਕੁਮਾਰ)**- ਸਥਾਨਕ ਜਲੰਧਰ ਵੀ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦਾ ਬਣਿਆ ਦੂਸਰਾ ਕੈਂਪ ਦਫਤਰ। ਅੱਜ ਸਵੇਰੇ ਉਹ ਆਪਣੇ ਪਰਵਾਰ ਨਾਲ ਜਲੰਧਰ ਦੀ ਦੀਪਨਗਰ ਵਿੱਚ ਕਿਰਾਏ ਦੇ ਲਈ 301 ਨੰਬਰ ਕੋਠੀ ਵਿੱਚ ਪੁੱਜੇ ਜਿੱਥੇ ਉਨ੍ਹਾਂ ਦੀ ਆਮਦ ਵਿੱਚ ਇਕੱਠੇ ਹੋਏ ਵਰਕਰਾਂ ਨੇ ਮੁੱਖ ਮੰਤਰੀ ਨੂੰ ਫੁੱਲਾਂ ਦਾ ਗੁਲਦਸਤਾ ਦੇ ਕੇ ਜ਼ੋਰਦਾਰ ਸਵਾਗਤ ਕੀਤਾ। ਆਪਣੇ ਗ੍ਰਹਿ ਪ੍ਰਵੇਸ਼ ਤੋਂ ਬਾਅਦ ਮੁੱਖ ਮੰਤਰੀ ਭਗਵੰਤ ਮਾਨ ਨੇ ਜਲੰਧਰ ਵੈਸਟ ਵਿਧਾਨ ਸਭਾ ਦੀ ਹੋਣ ਵਾਲੀ ਦਸ ਜੁਲਾਈ ਦੀ ਉਪ ਚੋਣ ਵਿੱਚ ਉਤਾਰੇ ਆਪਣੇ ਉਮੀਦਵਾਰ ਮੋਹਿੰਦਰ ਭਗਤ ਦੇ ਚੋਣ ਦਫਤਰ ਦਾ ਉਦਘਾਟਨ ਕੀਤਾ। ਇਸ ਮੌਕੇ ਮੁੱਖ ਮੰਤਰੀ ਨੇ ਕਿਹਾ ਕਿ ਉਹ ਦੋ ਦਿਨ ਹਫਤੇ ਵਿੱਚ ਜਲੰਧਰ ਵਿੱਚ ਬਣਾਏ ਦੋਆਬੇ ਦੇ ਇਸ ਕੈਂਪ ਦਫਤਰ ਵਿੱਚ ਰਹਿਣਗੇ ਤੇ ਲੋਕਾਂ ਦੀਆ ਮੁਸ਼ਕਲਾਂ ਦਾ ਹੱਲ ਕਰਨਗੇ। ਇਸ ਦੇ ਨਾਲ ਹੀ ਪੰਜਾਬ ਦੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਕਾਂਗਰਸ ਦੀ ਉਮੀਦਵਾਰ ਸੁਰਿੰਦਰ ਕੌਰ 'ਤੇ ਜ਼ੋਰਦਾਰ ਹਮਲਾ ਕਰਦਿਆ ਕਿਹਾ ਕਿ ਉਨ੍ਹਾਂ ਨੇ ਪਿਛਲੇ 20 ਸਾਲਾਂ ਤੋਂ ਕਾਊਂਸਲਰ ਹੁੰਦਿਆਂ ਕੋਈ ਕੰਮ ਨਹੀਂ ਕੀਤਾ ਤੇ ਪੰਜ ਸਾਲ ਉਹ ਸੀਨੀਆਰ ਡਿਪਟੀ ਮੇਅਰ ਰਹੀ, ਉਦੋਂ ਵੀ ਉਹ ਕਿਸੇ ਦਾ ਕੋਈ ਵੀ ਕੰਮ ਨਹੀ ਕਰ ਸਕੀ। ਹਰਜੋਤ ਬੈਂਸ ਨੇ ਕਿਹਾ ਉਹ ਵੀ ਐਮ ਐਲ ਏ ਰਹੇ ਹਨ। ਐਮ ਐਲ ਏ ਦਾ ਵੀ ਕੋਈ ਫਰਜ਼ ਹੁੰਦਾ ਹੈ। ਪਰ ਉਨ੍ਹਾ ਦੇ ਦਫਤਰ ਨੂੰ ਤਾਂ ਹਰ ਸਮੇ ਲੋਕ ਹੀ ਲੱਗਾ ਰਿਹਾ ਹੈ। ਉਨ੍ਹਾ ਕਿਹਾ ਇਸ ਵੈਸਟ ਹਲਕੇ ਵਿੱਚ 23 ਵਾਰਡ ਪੈਂਦੇ ਹਨ, ਸੁਰਿੰਦਰ ਕੌਰ ਨੇ ਉਨ੍ਹਾ ਨਾਲ ਮੀਟਿੰਗ ਤੱਕ ਨਹੀਂ ਕੀਤੀ। ਉਨ੍ਹਾ ਕਿਹਾ ਜਲੰਧਰ ਸਮਾਰਟ ਸਿਟੀ ਪ੍ਰਾਜੈਕਟ ਦਾ ਪੈਸਾ ਗਲਤ ਪਾਸੇ ਵਰਤਿਆ ਗਿਆ। ਇਸ ਵਿੱਚ ਵੱਡਾ ਘਪਲਾ ਕੀਤਾ।

# ਸਮਾਜ 'ਚ ਨਸ਼ਿਆਂ ਦੇ ਖਾਤਮੇ ਲਈ ਵਚਨਬੱਧ ਹੈ ਪੁਲਸ ਪ੍ਰਸ਼ਾਸਨ : ਭੱਟੀ



**ਫਗਵਾੜਾ, ( ਜਸਵਿੰਦਰ ਢੱਡਾ )** ਸਰਬ ਨੌਜਵਾਨ ਸਭਾ ਵਲੋਂ ਨਹਿਰੂ ਯੁਵਾ ਕੇਂਦਰ ਕਪੂਰਥਲਾ ਦੇ ਸਹਿਯੋਗ ਨਾਲ ਸਭਾ ਦੇ ਪ੍ਰਧਾਨ ਸੁਖਵਿੰਦਰ ਸਿੰਘ ਦੀ ਸਰਪ੍ਰਸਤੀ ਹੇਠ ਨਸ਼ਾ ਖੋਰੀ ਵਿਰੁੱਧ ਵਿਸ਼ਵ ਨਸ਼ਾਖੋਰੀ ਵਿਰੋਧੀ ਦਿਵਸ ਸਥਾਨਕ ਬਲੱਡ ਬੈਂਕ ਗੁਰੂ ਹਰਗੋਬਿੰਦ ਨਗਰ ਫਗਵਾੜਾ ਵਿਖੇ ਮਨਾਇਆ ਗਿਆ। ਇਸ ਸਮਾਗਮ ਦੀ ਪ੍ਰਧਾਨਗੀ ਐਸ.ਪੀ. ਫਗਵਾੜਾ ਮੈਡਮ ਰੁਪਿੰਦਰ ਕੌਰ ਭੱਟੀ ਨੇ ਕੀਤੀ। ਜਦਕਿ ਵਿਸ਼ੇਸ਼ ਮਹਿਮਾਨਾਂ ਵਜੋਂ ਮਨਦੀਪ ਸਿੰਘ ਨਾਇਬ ਤਹਿਸੀਲਦਾਰ ਫਗਵਾੜਾ, ਇੰਜੀ. ਹਰਦੀਪ ਕੁਮਾਰ ਐਡੀਸ਼ਨਲ ਐਸ.ਈ ਅਤੇ ਐਕਸ.ਈ.ਐਨ. ਪਾਵਰਕਾਮ ਫਗਵਾੜਾ, ਲਹਿੰਬਰ ਰਾਮ ਐਸ.ਐਮ.ਓ. ਫਗਵਾੜਾ, ਪ੍ਰਿੰਸੀਪਲ ਗੁਰਮੀਤ ਸਿੰਘ ਪਲਾਹੀ, ਡਾ: ਸੰਜੀਵ ਲੋਚਨ ਦਿਮਾਗੀ ਰੋਗਾਂ ਦੀ ਮਾਹਿਰ ਸਿਵਲ ਹਸਪਤਾਲ ਫਗਵਾੜਾ, ਹਾਕੀ ਉਲੰਪੀਅਨ ਸੁਰਿੰਦਰ ਸਿੰਘ ਸੋਢੀ ਪ੍ਰਧਾਨ ਪੰਜਾਬ ਸਪੋਰਟਸ ਵਿੰਗ (ਆਪ), ਅਵਤਾਰ ਸਿੰਘ ਮੰਡ ਨੈਸ਼ਨਲ ਸੈਕਟਰੀ (ਭਾਜਪਾ), ਸੰਤੋਸ਼ ਕੁਮਾਰ ਗੋਗੀ ਜ਼ਿਲ੍ਹਾ ਪ੍ਰਧਾਨ ਐਸ.ਸੀ.ਵਿੰਗ (ਆਪ), ਜਤਿੰਦਰ ਸਿੰਘ ਕੁੰਦੀ ਇੰਟਰਨੈਸ਼ਨਲ ਡਾਇਰੈਕਟਰ ਅਲਾਇੰਸ ਸ਼ਾਮਲ ਹੋਏ। ਐਸ.ਪੀ. ਰੁਪਿੰਦਰ ਕੌਰ ਭੱਟੀ ਨੇ ਹਾਜਰੀਨ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪੁਲਿਸ ਪ੍ਰਸ਼ਾਸਨ ਸਮਾਜ ਵਿਚੋਂ ਨਸ਼ੇ ਖ਼ਤਮ ਕਰਨ ਲਈ ਪੂਰੇ ਯਤਨ ਕਰ ਰਿਹਾ ਹੈ ਅਤੇ ਇਸ ਸਬੰਧ 'ਚ ਉਹਨਾਂ ਵਲੋਂ ਸਮਾਜ ਦੇ ਹਰ ਵਰਗ ਦੇ ਲੋਕਾਂ, ਸਮਾਜਿਕ, ਧਾਰਮਿਕ ਸੰਸਥਾਵਾਂ ਦਾ ਸਹਿਯੋਗ ਲਿਆ ਜਾ ਰਿਹਾ ਹੈ। ਪੁਲਸ ਪ੍ਰਸ਼ਾਸਨ ਨਾ ਸਿਰਫ ਉਹਨਾਂ ਨਸ਼ਾ ਤਸਕਰਾਂ ਦਾ ਚਿਹਰਾ ਮੋਹਰਾ ਨੰਗਾ ਕਰੇਗਾ, ਜਿਹੜੇ ਸੂਬੇ ਦੇ ਨੌਜਵਾਨਾਂ ਨੂੰ ਨਸ਼ਿਆਂ ਵੱਲ ਧੱਕ ਰਹੇ ਹਨ, ਸਗੋਂ ਉਹਨਾ ਨੂੰ ਸਖ਼ਤ ਸਜ਼ਾਵਾਂ ਦੇਣ ਲਈ ਵੀ ਤੱਤਪਰਤਾ ਨਾਲ ਕੰਮ ਕਰ ਰਿਹਾ ਹੈ। ਇਸ ਮੌਕੇ ਨਾਇਬ ਤਹਿਸੀਲਦਾਰ ਮਨਦੀਪ ਸਿੰਘ ਨੇ ਕਿਹਾ ਕਿ ਨਫ਼ਰਤ ਹਮੇਸ਼ਾ ਨਸ਼ੇ ਤੋਂ ਕਰਨੀ ਚਾਹੀਦੀ ਹੈ, ਨਸ਼ੇੜੀ ਵਿਆਕਤੀ ਤੋਂ ਨਹੀਂ। ਨਸ਼ਾ ਕਰਨ ਦੇ ਆਦੀ ਵਿਅਕਤੀ ਦੀ ਕੌਂਸਲਿੰਗ ਕਰਕੇ ਨਸ਼ਾ ਤਿਆਗ ਦੇਣ ਲਈ ਮਾਨਸਿਕ ਤੌਰ 'ਤੇ ਉਸਨੂੰ ਤਿਆਰ ਕਰਨ ਦਾ ਉਪਰਾਲਾ ਕੀਤਾ ਜਾਣਾ ਚਾਹੀਦਾ ਹੈ ਤਾਂ ਜੋ ਉਹ ਸਮਾਜ 'ਚ ਇਕ ਵਧੀਆ ਤੇ ਤੰਦਰੁਸਤ ਨਸ਼ਾ ਰਹਿਤ ਜੀਵਨ ਜਿਊਂ ਸਕੇ। ਇਸ ਸਮੇਂ ਸੰਤੋਸ਼ ਕੁਮਾਰ ਗੋਗੀ ਨੇ ਸਮਾਜ ਵਿੱਚ ਨਸ਼ੇ ਖ਼ਤਮ ਕਰਨ ਲਈ ਕਿਹਾ। ਉਹਨਾ ਆਪਣੇ ਵਿਸਥਾਰਤ ਭਾਸ਼ਨ 'ਚ ਨਸ਼ਿਆਂ ਦੇ ਕਾਰਨਾਂ, ਵਿੱਚ ਬੇਰੁਜ਼ਗਾਰੀ, ਅਨਪੜ੍ਹਤਾ, ਮਾਪਿਆਂ ਵਲੋਂ ਬੱਚਿਆਂ ਦੀ ਅਣਦੇਖੀ ਅਤੇ ਵੱਧ ਰਹੇ ਸੋਸ਼ਨ ਮੀਡੀਆ ਪ੍ਰਭਾਵ ਨੂੰ ਠਹਿਰਾਇਆ। ਪ੍ਰਿੰਸੀਪਲ ਗੁਰਮੀਤ ਸਿੰਘ ਪਲਾਹੀ ਨੇ ਕਿਹਾ ਕਿ ਸਮਾਜ ਵਿੱਚ ਮੁਢ ਕਦੀਮ ਤੋਂ ਨਸ਼ੇ ਹਨ, ਪਰ ਇਸ ਵੇਲੇ ਪੰਜਾਬੀ ਸਮਾਜ ਬੁਰੀ ਤਰ੍ਹਾਂ ਨਸ਼ਿਆਂ ਤੋਂ ਗ੍ਰਸਤ ਹੈ। ਲਹਿੰਬਰ ਰਾਮ ਐਸ.ਐਮ.ਓ. ਨੇ ਕਿਹਾ ਕਿ ਨਸ਼ਾ ਇੱਕ ਬੀਮਾਰੀ ਹੈ ਅਤੇ ਇਸ ਤੋਂ ਛੁਟਕਾਰਾ ਪਾਉਣ ਲਈ ਦਵਾਈ ਦੀ ਤਾਂ ਲੋੜ ਹੈ ਹੀ, ਸਗੋਂ ਪਰਵਾਰ, ਸਮਾਜ ਦੀ ਵੀ ਨਸ਼ੱਈ ਵਲੋਂ ਨਸ਼ਾ ਛੱਡਾਉਣ 'ਚ ਵਿਸ਼ੇਸ਼ ਭੂਮਿਕਾ ਹੈ। ਐਸ.ਪੀ. ਫਗਵਾੜਾ ਨੇ ਆਪਣੇ ਹੱਥੀਂ ਪੁਲਸ ਪ੍ਰਸ਼ਾਸਨ ਵਲੋਂ ਜਾਰੀ ਸਟਿੱਕਰ ਰਿਲੀਜ਼ ਕੀਤਾ। ਮੰਚ ਸੰਚਾਲਕ ਦੀ ਭੂਮਿਕਾ ਲੈਕਚਰਾਰ ਹਰਜਿੰਦਰ ਗੋਗਨਾ ਨੇ ਬਾ-ਖ਼ੂਬੀ ਨਿਭਾਈ। ਸਭਾ ਵਲੋਂ ਪਤਵੰਤਿਆਂ ਨੂੰ ਸਨਮਾਨਤ ਵੀ ਕੀਤਾ ਗਿਆ। ਅਖੀਰ ਵਿਚ ਸਭਾ ਦੇ ਪ੍ਰਧਾਨ ਸੁਖਵਿੰਦਰ ਸਿੰਘ ਨੇ ਸਹਿਯੋਗ ਲਈ ਨਹਿਰੂ ਯੁਵਾ ਕੇਂਦਰ ਅਤੇ ਸਮੂਹ ਮਹਿਮਾਨਾਂ ਅਤੇ ਪਤਵੰਤਿਆਂ ਦਾ ਪਹੁੰਚਣ ਲਈ ਤਹਿ ਦਿਲੋਂ ਧੰਨਵਾਦ ਕੀਤਾ। ਇਸ ਮੌਕੇ ਬਾਬਾ ਮੁਖਤਿਆਰ ਸਿੰਘ ਮੈਨੇਜਰ ਗੁਰੂ ਨਾਨਕ ਮਿਸ਼ਨ ਨੇਤਰਹੀਣ ਤੇ ਬਿਰਧ ਆਸ਼ਰਮ, ਮੈਡਮ ਕਮਲੇਸ਼ ਸੰਧੂ ਪ੍ਰਧਾਨ ਸਕੇਪ ਸਾਹਿਤਕ ਸੰਸਥਾ, ਰਮਨ ਨਹਿਰਾ, ਸਰਬਰ ਗੁਲਾਮ ਸੱਬਾ, ਗੁਰਦੀਪ ਕੰਗ, ਬਖਸ਼ੀਸ਼ ਸਿੰਘ, ਮੈਨੇਜਰ ਜਗਜੀਤ ਸੇਠ, ਸਾਹਿਬਜੀਤ ਸਾਬੀ, ਮਨਦੀਪ ਬਾਸੀ, ਜਨਰਲ ਸਕੱਤਰ ਡਾ: ਵਿਜੈ ਕੁਮਾਰ, ਰਾਕੇਸ਼ ਕੋਛੜ, ਰਵਿੰਦਰ ਸਿੰਘ ਰਾਏ, ਡਾ: ਕੁਲਦੀਪ ਸਿੰਘ, ਰਾਜ ਬਸਰਾ, ਸਵਿਤਾ ਪਰਾਸ਼ਰ ਯੋਗ ਅਚਾਰੀਆ, ਪ੍ਰੇਮ ਕੌਰ ਚਾਨਾ, ਨਰਿੰਦਰ ਸੈਣੀ, ਰਾਜਕੁਮਾਰ ਰਾਜਾ, ਗੁਰਦੀਪ ਸਿੰਘ ਤੁੱਲੀ, ਮੈਡਮ ਸੁਧਾ ਬੇਦੀ, ਜੁਨੇਸ਼ ਜੈਨ, ਪਰਮਜੀਤ ਰਾਏ, ਮੈਡਮ ਤਨੂੰ, ਮੈਡਮ ਸਪਨਾ, ਮੈਡਮ ਸ਼ਾਰਧਾ, ਮੈਡਮ ਰਮਨਦੀਪ ਕੌਰ, ਮੈਡਮ ਆਸ਼ੂ ਬੱਗਾ, ਸੁਖਦੇਵ ਗੰਡਵਾ ਕਵੀ, ਮਨੋਜ ਫਗਵਾੜਵੀ ਕਵੀ, ਹਰਚਰਨ ਭਾਰਤੀ ਕਵੀ, ਅਸ਼ੋਕ ਸ਼ਰਮਾ, ਸੁਖਦੇਵ ਲਾਡੀ, ਵਿੱਕੀ ਸਿੰਘ, ਵਿਜੈ ਬੰਗਾ, ਰਾਮ ਕਿਸ਼ਨ ਭੱਟੀ, ਅਨੂਪ ਦੁੱਗਲ, ਘਣਸ਼ਾਮ, ਧਨੰਜੇ, ਵਿਕਾਸ, ਸੂਰਜ, ਰੋਹਿਤ, ਸੌਰਭ, ਰਣਜੀਤ, ਹਰਵਿੰਦਰ ਸਿੰਘ, ਗੁਰਸ਼ਰਨ ਬਾਸੀ, ਮੁਸਕਾਨ, ਪ੍ਰੀਆ, ਆਰਤੀ, ਕੁਲਦੀਪ, ਕਿਰਨ, ਖੁਸ਼ੀ, ਈਸ਼ਾ, ਮਨਦੀਪ, ਰਜਨੀ, ਨਿਸ਼ਾ, ਕਾਜਲ, ਜੈਸਮੀਨ, ਹਰਜੋਤ, ਸੰਜਨਾ, ਰਾਧਿਕਾ, ਪਲਕ, ਮੇਘਾ, ਰਵੀਨਾ, ਨੀਲਾਕਸ਼ੀ, ਮਨਵੀਰ, ਸ਼ਿਲਪੀ, ਰਮਨ, ਸੁਨੈਨਾ, ਅਨੂ, ਸੋਨੀਆ, ਨੇਹਾ, ਜੋਤੀ, ਰੋਜ਼ੀ ਰਾਏ, ਸਨੇਹਾ, ਗੀਤਾ, ਦਲਜੀਤ ਕੌਰ, ਰਸ਼ਮੀ, ਪਲਕ, ਹਰਪ੍ਰੀਤ, ਕੋਮਲ, ਮਨਪ੍ਰੀਤ, ਜਸਪ੍ਰੀਤ, ਰੰਜਨਾ ਹਾਜ਼ਰ ਸਨ।

# 400 ਗ੍ਰਾਮ ਹੈਰੋਇਨ ਸਮੇਤ ਕਾਬੂ



**ਜਲੰਧਰ,-( ਸ਼ੈਲੀ ਐਲਬਰਟ)**-ਨਸ਼ਿਆਂ ਵਿਰੁੱਧ ਵੱਡੀ ਕਾਰਵਾਈ ਕਰਦਿਆਂ ਜਲੰਧਰ ਪੁਲਸ ਕਮਿਸ਼ਨਰੇਟ ਪੁਲਸ ਕਮਿਸਨਰ ਸਵਪਨ ਸ਼ਰਮਾ ਦੀ ਅਗਵਾਈ ਹੇਠ ਪੁਲਸ ਨੇ 400 ਗ੍ਰਾਮ ਹੈਰੋਇਨ ਸਮੇਤ ਇੱਕ ਅਪਰਾਧੀ ਨੂੰ ਕਾਬੂ ਕਰਕੇ ਨਸ਼ੇ ਦੇ ਗਰੋਹ ਦਾ ਪਰਦਾਫਾਸ਼ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪੁਲਸ ਕਮਿਸ਼ਨਰ ਨੇ ਦੱਸਿਆ ਕਿ ਪੁਲਸ ਪਾਰਟੀ ਵੱਲੋਂ ਇੱਕ ਸੂਚਨਾ ਦੇ ਅਧਾਰ 'ਤੇ ਬੂਟਾ ਮੰਡੀ ਨਕੋਦਰ ਰੋਡ ਨੇੜੇ ਸਪੈਸ਼ਲ ਗਸਤ ਕੀਤੀ ਗਈ ਸੀ। ਉਨ੍ਹਾਂ ਦੱਸਿਆ ਕਿ ਚੈਕਿੰਗ ਦੌਰਾਨ ਪੁਲਸ ਪਾਰਟੀ ਨੇ ਵਡਾਲਾ ਚੌਕ ਤੋਂ ਇਕ ਵਿਅਕਤੀ ਨੂੰ ਪੈਦਲ ਆਉਂਦੇ ਦੇਖਿਆ। ਸਵਪਨ ਸ਼ਰਮਾ ਨੇ ਦੱਸਿਆ ਕਿ ਉਕਤ ਨੌਜਵਾਨ 'ਤੇ ਸ਼ੱਕ ਹੋਣ 'ਤੇ ਪੁਲਸ ਪਾਰਟੀ ਨੇ ਉਸ ਨੂੰ ਰੋਕ ਕੇ ਉਸ ਦੀ ਬਾਰੀਕੀ ਨਾਲ ਤਲਾਸ਼ੀ ਲਈ। ਪੁਲਸ ਕਮਿਸ਼ਨਰ ਨੇ ਦੱਸਿਆ ਕਿ ਪੁਲਸ ਪਾਰਟੀ ਨੇ ਤਲਾਸ਼ੀ ਦੌਰਾਨ ਉਸ ਕੋਲੋਂ 400 ਗ੍ਰਾਮ ਹੈਰੋਇਨ ਬਰਾਮਦ ਕੀਤੀ। ਉਨ੍ਹਾਂ ਦੱਸਿਆ ਕਿ ਪੁਲਸ ਪਾਰਟੀ ਨੇ ਤੁਰੰਤ ਕਾਰਵਾਈ ਕਰਦਿਆਂ ਉਕਤ ਵਿਅਕਤੀ ਦੀ ਪਹਿਚਾਣ ਜਗਸੀਰ ਸਿੰਘ ਉਰਫ ਜੱਗਾ ਪੁੱਤਰ ਤਾਰਾ ਸਿੰਘ ਵਾਸੀ ਸਰਕਾਰੀ ਪ੍ਰਾਇਮਰੀ ਸਕੂਲ ਪਿੰਡ ਰਾਜੇਆਣਾ ਥਾਣਾ ਬਾਘਾ ਪੁਰਾਣਾ ਮੋਗਾ ਵਜੋਂ ਕੀਤੀ।

ਸਵਪਨ ਸ਼ਰਮਾ ਨੇ ਦੱਸਿਆ ਕਿ ਮੁਲਜ਼ਮਾਂ ਖਿਲਾਫ ਥਾਣਾ ਭਾਰਗੋ ਕੈਂਪ ਜਲੰਧਰ ਵਿਖੇ ਮੁਕੱਦਮਾ ਦਰਜ ਕੀਤਾ ਗਿਆ ਹੈ। ਪੁਲਸ ਕਮਿਸ਼ਨਰ ਨੇ ਦੱਸਿਆ ਕਿ ਤਫਤੀਸ਼ ਦੌਰਾਨ ਇਹ ਗੱਲ ਸਾਹਮਣੇ ਆਈ ਕਿ ਗਰੀਬੀ ਕਾਰਨ ਜੱਗਾ ਇੱਕ ਸਾਥੀ ਮੁਲਜ਼ਮ ਬੂਟਾ ਸਿੰਘ ਦੇ ਸੰਪਰਕ ਵਿੱਚ ਆਇਆ ਸੀ ਅਤੇ ਪਿਛਲੇ ਇੱਕ ਸਾਲ ਤੋਂ ਨਸ਼ੀਲੇ ਪਦਾਰਥਾਂ ਦਾ ਧੰਦਾ ਕਰ ਰਿਹਾ ਸੀ। ਉਨ੍ਹਾਂ ਦੱਸਿਆ ਕਿ ਬੂਟਾ ਸਿੰਘ ਦੇ ਕਹਿਣ 'ਤੇ ਜੱਸਾ ਹੈਰੋਇਨ ਦੀ ਤਸਕਰੀ ਅਤੇ ਡਿਲੀਵਰੀ ਦਾ ਧੰਦਾ ਕਰਦਾ ਸੀ ਅਤੇ ਜਲੰਧਰ ਪਹੁੰਚ ਕੇ ਬੂਟਾ ਸਿੰਘ ਤੋਂ ਪਾਰਸਲ ਦੀ ਡਿਲੀਵਰੀ ਸਬੰਧੀ ਹਦਾਇਤਾਂ ਲੈਂਦਾ ਸੀ। ਸ਼ਰਮਾ ਨੇ ਦੱਸਿਆ ਕਿ ਜੱਸਾ ਦਾ ਅਜੇ ਤੱਕ ਕੋਈ ਵੀ ਅਪਰਾਧਕ ਪਿਛੋਕੜ ਨਹੀਂ ਫੜਿਆ ਗਿਆ ਜਦਕਿ ਬੂਟਾ ਸਿੰਘ ਖਿਲਾਫ ਇੱਕ ਕੇਸ ਵਿਚਾਰ ਅਧੀਨ ਹੈ।

# ਪਸ਼ੂਆਂ ਦੀਆਂ ਬਿਮਾਰੀਆਂ ਦੀ ਰੋਕਥਾਮ ਤੇ ਇਲਾਜ ਦੇ ਨਾਲ ਡੇਅਰੀ ਫਾਰਮਿੰਗ ਬਾਰੇ ਦਿੱਤੀ ਜਾਣਕਾਰੀ



**ਨਵਾਂਸ਼ਹਿਰ, (ਮਨੋਜ ਲਾਡੀ)**

ਡੇਅਰੀ ਫਾਰਮਿੰਗ ਸਿਖਲਾਈ ਦੌਰਾਨ ਪਸ਼ੂ ਪਾਲਣ ਦੇ ਵਿਸ਼ਾ ਮਾਹਰ-ਕ੍ਰਿਸ਼ੀ ਵਿਗਿਆਨ ਕੇਂਦਰ, ਰੋਪੜ ਤੋਂ ਸਹਿਯੋਗੀ ਪ੍ਰੋਫੈਸਰ (ਪਸ਼ੂ ਵਿਗਿਆਨ), ਡਾ ਅਪਰਨਾ ਗੁਪਤਾ, ਕ੍ਰਿਸ਼ੀ ਵਿਗਿਆਨ ਕੇਂਦਰ, ਹੁਸ਼ਿਆਰਪੁਰ ਤੋਂ ਸਹਿਯੋਗੀ ਪ੍ਰੋਫੈਸਰ (ਪਸ਼ੂ ਵਿਗਿਆਨ), ਡਾ ਪਰਮਿੰਦਰ ਸਿੰਘ ਅਤੇ ਕ੍ਰਿਸ਼ੀ ਵਿਗਿਆਨ ਕੇਂਦਰ, ਸ਼ਹੀਦ ਭਗਤ ਸਿੰਘ ਨਗਰ ਤੋਂ ਡਿਮਾਂਸਟ੍ਰੇਟਰ (ਪਸ਼ੂ ਵਿਗਿਆਨ), ਡਾ. ਗੁਰਿੰਦਰ ਸਿੰਘ ਨੇ ਸਿਖਿਆਰਥੀਆਂ ਨੂੰ ਡੇਅਰੀ ਫਾਰਮਿੰਗ ਧੰਦੇ ਬਾਰੇ ਮੁੱਢਲੀ ਜਾਣਕਾਰੀ, ਦੁਧਾਰੂ ਪਸ਼ੂਆਂ ਦੀਆਂ ਨਸਲਾਂ, ਸ਼ੈਡਾਂ ਦੀ ਬਣਤਰ, ਡੇਅਰੀ ਫਾਰਮਿੰਗ ਦੀਆਂ ਅਲੱਗ-ਅਲੱਗ ਵਿਧੀਆਂ, ਖੁਰਾਕੀ ਪ੍ਰਬੰਧ, ਗਰਮੀਆਂ ਅਤੇ ਸਰਦੀਆਂ ਵਿੱਚ ਪਸ਼ੂਆਂ ਅਤੇ ਕੱਟੜੂਆਂ/ਵਛੜੂਆਂ ਦੀ ਦੇਖ-ਭਾਲ, ਪਸ਼ੂਆਂ ਦੀਆਂ ਪ੍ਰਮੁੱਖ ਬਿਮਾਰੀਆਂ ਦੀ ਰੋਕਥਾਮ ਅਤੇ ਇਲਾਜ ਦੇ ਨਾਲ ਨਾਲ ਡੇਅਰੀ ਫਾਰਮਿੰਗ ਦੀ ਆਰਥਿਕਤਾ ਬਾਰੇ ਵਿਸਥਾਰ ਨਾਲ ਜਾਣਕਾਰੀ ਸਾਂਝੀ ਕੀਤੀ।ਕ੍ਰਿਸ਼ੀ ਵਿਗਿਆਨ ਕੇਂਦਰ, ਸ਼ਹੀਦ ਭਗਤ ਸਿੰਘ ਨਗਰ ਤੋਂ ਸਹਾਇਕ ਪ੍ਰੋਫੈਸਰ (ਫਸਲ ਵਿਗਿਆਨ), ਡਾ. ਜਸਵਿੰਦਰ ਸਿੰਘ ਨੇ ਸਿਖਿਆਰਥੀਆਂ ਨੂੰ ਸਾਰਾ ਸਾਲ ਹਰਾ ਚਾਰਾ ਲੈਣ ਸਬੰਧੀ ਜਾਣਕਾਰੀ ਦਿੱਤੀ। ਇਸ ਸਿਖਲਾਈ ਦੌਰਾਨ ਡੇਅਰੀ ਵਿਕਾਸ ਵਿਭਾਗ ਤੋਂ ਪੁੱਜੇ ਡੇਅਰੀ ਇੰਸਪੈਕਟਰ, ਰਾਮ ਸ਼ਰਣ ਨੇ ਸਿਖਿਆਰਥੀਆਂ ਨੂੰ ਸਰਕਾਰ ਅਤੇ ਵਿਭਾਗ ਵਲੋਂ ਚਲਾਈਆਂ ਜਾ ਰਹੀਆਂ ਪਸ਼ੂਆਂ ਦੇ ਬੀਮੇ ਅਤੇ ਕਰਜ਼ਾ ਵਿੱਤੀ ਯੋਜਨਾਵਾਂ ਬਾਰੇ ਵਿਸਥਾਰ ਸਹਿਤ ਜਾਣਕਾਰੀ ਦਿੱਤੀ।ਇਸ ਕੋਰਸ ਦੌਰਾਨ ਸਿਖਿਆਰਥੀਆਂ ਨੂੰ ਡੇਅਰੀ ਫਾਰਮ ਤੇ ਹੱਥੀਂ ਕੀਤੇ ਜਾਣ ਵਾਲੇ ਕੰਮ ਜਿਵੇਂ, ਪਸ਼ੂਆਂ ਨੂੰ ਕਾਬੂ ਕਰਨਾ, ਖੁਰਾਕ ਅਤੇ ਪਾਣੀ ਦੇਣਾ, ਦਵਾਈ ਦੇਣੀ, ਵੈਕਸੀਨੇਸ਼ਨ ਲਈ ਟੀਕਾ ਕਰਨ ਕਰਨਾ, ਵੱਛੀਆਂ ਦੇ ਸਿੰਗ ਦਾਗਣੇ, ਲੇਵੇ ਦੀ ਸੋਜ ਦੀ ਪਹਿਚਾਣ ਲਈ ਕੀਤੇ ਜਾਣ ਵਾਲੇ ਟੈਸਟ ਅਤੇ ਫਾਰਮ ਪੱਧਰ 'ਤੇ ਧਾਤਾਂ ਦਾ ਚੂਰਾ ਤਿਆਰ ਕਰਨ ਬਾਰੇ ਪ੍ਰੈਕਟੀਕਲ ਗਿਆਨ ਵੀ ਪ੍ਰਦਾਨ ਕੀਤਾ।ਸਿਖਲਾਈ ਦੀ ਸਮਾਪਤੀ ਮੌਕੇ ਸਹਿਯੋਗੀ ਨਿਰਦੇਸ਼ਕ (ਸਿਖਲਾਈ), ਸ਼ਹੀਦ ਭਗਤ ਸਿੰਘ ਨਗਰ, ਡਾ. ਮਨਿੰਦਰ ਸਿੰਘ ਬੌਂਸ ਨੇ ਸਿਖਿਆਰਥੀਆਂ ਨਾਲ ਡੇਅਰੀ ਫਾਰਮਿੰਗ ਦੀ ਸਫਲਤਾ ਸਬੰਧੀ ਜ਼ਰੂਰੀ ਨੁਕਤੇ ਸਾਂਝੇ ਕੀਤੇ। ਉਹਨਾਂ ਨੇ ਫਾਰਮਾਂ ਨੂੰ ਕੇਵੀਕੇ ਵਲੋਂ ਆਯੋਜਿਤ ਕੀਤੀਆਂ ਜਾਂਦੀਆਂ ਵੱਖ-ਵੱਖ ਵਿਸ਼ਿਆਂ ਦੀਆਂ ਸਿਖਲਾਈਆਂ ਵਿੱਚ ਵੱਧ-ਚੜ੍ਹ ਕੇ ਭਾਗ ਲੈਣ ਲਈ ਪ੍ਰੇਰਿਤ ਕੀਤਾ।

ਉਹਨਾਂ ਸਿਖਿਆਰਥੀਆਂ ਦੀ ਡੇਅਰੀ ਫਾਰਮਿੰਗ ਧੰਦੇ ਵਿੱਚ ਸਫਲਤਾ ਲਈ ਕਾਮਨਾ ਕੀਤੀ ਅਤੇ ਇਸ ਸਿਖਲਾਈ ਵਿੱਚ ਭਾਗ ਲੈਣ 'ਤੇ ਧੰਨਵਾਦ ਕੀਤਾ।

# ਪਾਸਆਊਟ ਹੋਣ ਵਾਲੇ ਕੈਡਿਟਾਂ ਦੀ ਯਾਦਗਾਰੀ ਮਿਲਣੀ



**ਐੱਸ ਏ ਐੱਸ ਨਗਰ (ਗੁਰਜੀਤ ਬਿੱਲਾ)**-ਮਹਾਰਾਜਾ ਰਣਜੀਤ ਸਿੰਘ ਆਰਮਡ ਫੋਰਸਿਜ ਪ੍ਰੈਪਰੇਟਰੀ ਇੰਸਟੀਚਿਊਟ (ਐਮ.ਆਰ.ਐਸ.ਏ.ਐਫ.ਪੀ.ਆਈ.),ਐਸ.ਏ.ਐਸ ਨਗਰ ਵੱਲੋਂ ਆਪਣੇ ਸਾਬਕਾ ਕੈਡਿਟਾਂ ਦਾ ਅਚੀਵਰ ਐਵਾਰਡ ਨਾਲ ਸਨਮਾਨ ਕੀਤਾ ਗਿਆ। ਇਸ ਅਚੀਵਰ ਐਵਾਰਡ ਸਮਾਗਮ ਦੀ ਪ੍ਰਧਾਨਗੀ ਇਸ ਸੰਸਥਾ ਦੇ ਬਾਨੀ ਡਾਇਰੈਕਟਰ ਅਤੇ ਗਵਰਨਿੰਗ ਬਾਡੀ ਦੇ ਮੈਂਬਰ ਮੇਜਰ ਜਨਰਲ ਬੀ.ਐਸ. ਗਰੇਵਾਲ, ਵੀ.ਐਸ.ਐਮ. (ਸੇਵਾਮੁਕਤ) ਨੇ ਕੀਤੀ। ਇਸ ਸਮਾਗਮ ਵਿੱਚ ਪ੍ਰੈਪਰੇਟਰੀ ਇੰਸਟੀਚਿਊਟ ਦੇ 43 ਸਾਬਕਾ ਵਿਦਿਆਰਥੀਆਂ ਦਾ ਅਚੀਵਰ ਐਵਾਰਡ ਨਾਲ ਸਨਮਾਨ ਕੀਤਾ ਗਿਆ, ਜਿਨ੍ਹਾਂ ਵਿੱਚੋਂ ਦਸ ਕੈਡਿਟ ਮਈ-ਜੂਨ 2024 'ਚ ਭਾਰਤੀ ਹਥਿਆਰਬੰਦ ਸੈਨਾਵਾਂ ਵਿੱਚ ਕਮਿਸ਼ਨਡ ਅਫਸਰ ਵਜੋਂ ਸ਼ਾਮਲ ਹੋਏ ਹਨ। ਇਨ੍ਹਾਂ ਤੋਂ ਇਲਾਵਾ ਨੈਸ਼ਨਲ ਡਿਫੈਂਸ ਅਕੈਡਮੀ (ਐਨ.ਡੀ.ਏ.) ਤੋਂ ਪਾਸ ਹੋਏ ਕੈਡਿਟ ਅਤੇ ਮੌਜੂਦਾ ਸਮੇਂ ਵਿੱਚ ਐਨ.ਡੀ.ਏ./ਹੋਰ ਟਰੇਨਿੰਗ ਅਕੈਡਮੀਆਂ ਵਿੱਚ ਸਿਖਲਾਈ ਲੈ ਰਹੇ ਕੈਡਿਟ ਵੀ ਸ਼ਾਮਲ ਸਨ। ਸਨਮਾਨ ਹਾਸਲ ਕਰਨ ਵਾਲੇ ਸਾਬਕਾ ਕੈਡਿਟਾਂ ਵਿੱਚ ਇਸ ਸੰਸਥਾ ਦੇ ਪਹਿਲੇ ਕੋਰਸ ਦੇ ਤਿੰਨ ਅਚੀਵਰ ਵੀ ਸ਼ਾਮਲ ਸਨ, ਜਿਨ੍ਹਾਂ ਨੇ ਆਪਣੀ ਡਿਊਟੀ ਤੋਂ ਛੁੱਟੀ ਲੈ ਕੇ ਵਿਸ਼ੇਸ਼ ਤੌਰ 'ਤੇ ਸਮਾਗਮ ਵਿੱਚ ਸ਼ਿਰਕਤ ਕਰਨ ਆਏ ਸਨ। ਮੇਜਰ ਜਨਰਲ ਬੀ.ਐਸ. ਗਰੇਵਾਲ ਨੇ ਸਫ਼ਲ ਕੈਡਿਟਾਂ ਦੀ ਸ਼ਲਾਘਾ ਕਰਦਿਆਂ ਆਸ ਪ੍ਰਗਟਾਈ ਕਿ ਮਹਾਰਾਜਾ ਰਣਜੀਤ ਸਿੰਘ ਆਰਮਡ ਫੋਰਸਿਜ਼ ਪ੍ਰੈਪਰੇਟਰੀ ਇੰਸਟੀਚਿਊਟ ਭਵਿੱਖ ਵਿੱਚ ਵੀ ਕੈਡਿਟਾਂ ਨੂੰ ਟਰੇਨਿੰਗ ਸਰਵਿਸ ਅਕੈਡਮੀਆਂ ਵਿੱਚ ਉੱਤਮ ਰਹਿਣ ਲਈ ਬਿਹਤਰੀਨ ਮੰਚ ਪ੍ਰਦਾਨ ਕਰਦਾ ਰਹੇਗਾ। ਉਨ੍ਹਾਂ ਕਿਹਾ ਕਿ ਫੌਜ ਵਿਚ ਭਰਤੀ ਹੋਣਾ ਕਿਸੇ ਹੋਰ ਕਿੱਤੇ ਵਰਗਾ ਨਹੀਂ ਹੈ, ਇਹ ਉਸ ਤੋਂ ਕਿਤੇ ਵੱਧ ਹੈ ਅਤੇ ਇਸ ਲਈ ਜਨੂੰਨ ਹੋਣਾ ਚਾਹੀਦਾ ਹੈ। ਕੈਡਿਟਾਂ ਨੂੰ ਬਿਹਤਰ ਸੇਵਾਵਾਂ ਪ੍ਰਦਾਨ ਕਰਨ ਲਈ ਪ੍ਰੇਰਿਤ ਕਰਦਿਆਂ ਉਨ੍ਹਾਂ ਨੇ ਕੈਡਿਟਾਂ ਨੂੰ ਆਪਣੀ ਛੁਪੀ ਪ੍ਰਤਿਭਾ ਨੂੰ ਖੋਜਣ, ਆਪਣੀਆਂ ਕਮੀਆਂ ਨੂੰ ਦੂਰ ਕਰਨ ਅਤੇ ਇਮਾਨਦਾਰੀ ਦੇ ਉੱਚੇ ਮਾਪਦੰਡ ਸਥਾਪਤ ਕਰਨ ਲਈ ਵੀ ਕਿਹਾ। ਉਨ੍ਹਾਂ ਨੇ ਮਿਸਾਲੀ ਨਤੀਜੇ ਪ੍ਰਾਪਤ ਕਰਨ ਲਈ ਮੌਜੂਦਾ ਐਮ.ਆਰ.ਐਸ.ਏ.ਐਫ.ਪੀ.ਆਈ. ਫੈਕਲਟੀ ਵੱਲੋਂ ਕੀਤੇ ਜਾ ਰਹੇ ਯਤਨਾਂ ਦੀ ਵੀ ਸ਼ਲਾਘਾ ਕੀਤੀ। ਪ੍ਰੈਪਰੇਟਰੀ ਇੰਸਟੀਚਿਊਟ ਦੇ ਡਾਇਰੈਕਟਰ ਮੇਜਰ ਜਨਰਲ ਅਜੇ ਐਚ. ਚੌਹਾਨ, ਵੀ.ਐਸ.ਐਮ. (ਸੇਵਾਮੁਕਤ) ਨੇ ਕਿਹਾ ਕਿ ਮਹਾਰਾਜਾ ਰਣਜੀਤ ਸਿੰਘ ਏ.ਐਫ.ਪੀ.ਆਈ. ਨੇ ਹੁਣ ਤੱਕ 229 ਕੈਡਿਟਾਂ ਨੂੰ ਐਨ.ਡੀ.ਏ. /ਹੋਰ ਅਕੈਡਮੀਆਂ ਵਿੱਚ ਭੇਜਿਆ ਹੈ। ਉਨ੍ਹਾਂ ਕਿਹਾ ਕਿ ਐਸ.ਐਸ.ਬੀ. ਪਾਸ ਕਰਨ ਵਾਲੇ 22 ਕੈਡਿਟਾਂ ਨੂੰ ਐਨ ਡੀ ਏ ਵਿੱਚ ਸ਼ਾਮਲ ਹੋਣ ਸਬੰਧੀ ਪੱਤਰ ਮਿਲਣੇ ਸ਼ੁਰੂ ਹੋ ਗਏ ਹਨ। ਉਨ੍ਹਾਂ ਕਿਹਾ ਕਿ ਇਹ ਸੰਸਥਾ ਹਥਿਆਰਬੰਦ ਬਲਾਂ ਲਈ ਕੈਡਿਟ ਤਿਆਰ ਕਰਨ ਵਿੱਚ ਸਰਬੋਤਮ ਸੰਸਥਾ ਵਜੋਂ ਉਭਰੀ ਹੈ ਅਤੇ ਦੇਸ਼ ਭਰ ਵਿੱਚ ਇਸ ਦੇ ਨਤੀਜੇ ਸਭ ਤੋਂ ਬਿਹਤਰ ਹਨ।

# ਕੰਮ ਘਟਣ ਤੋਂ ਸਤਾਏ ਟਰੱਕ ਮਾਲਕਾਂ ਨੇ ਕੀਤੀ ਮੀਟਿੰਗ




**ਨੰਗਲ (ਸੁਰਜੀਤ ਸਿੰਘ)**- ਇੱਥੇ ਸਥਾਨਕ ਟਰਾਂਸਪੋਰਟ ਸੁਸਾਇਟੀ ਦੇ ਟਰੱਕ ਮਾਲਕਾਂ ਨੇ ਘਟ ਰਹੇ ਕੰਮ ਦੀ ਚਿੰਤਾ ਕਰਦੇ ਹੋਏ ਇੱਕ ਮੀਟਿੰਗ ਸੰਗਤ ਸਿੰਘ ਕਾਕਾ ਦੀ ਪ੍ਰਧਾਨਗੀ ਹੇਠ ਸਰਪੰਚ ਢਾਬਾ, ਬ੍ਰਹਮਪੁਰ ਵਿਖੇ ਕੀਤੀ ਗਈ। ਇਸ ਮੀਟਿੰਗ ਵਿੱਚ ਵਿਚਾਰ ਵਟਾਂਦਰਾ ਕੀਤਾ ਗਿਆ ਕਿ ਪਿਛਲੇ ਸਮੇਂ ਤੋਂ ਟਰੱਕ ਮਾਲਕਾਂ ਦਾ ਕੰਮ ਲਗਾਤਾਰ ਘਟ ਰਿਹਾ ਹੈ। ਟਰੱਕ ਮਾਲਕਾਂ ਨੂੰ ਆਪਣੀਆਂ ਗੱਡੀਆਂ ਦੀਆਂ ਕਿਸ਼ਤਾਂ ਤਾਰਨੀਆਂ, ਪਰਿਵਾਰ ਪਾਲਣੇ ਔਖੇ ਹੁੰਦੇ ਜਾ ਰਹੇ ਹਨ ।ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਤੋਂ ਬਾਅਦ ਭਾਵੇਂ ਮੰਤਰੀ ਨੇ ਆਪਣੇ ਚਹੇਤਿਆਂ ਦੀ ਕਮੇਟੀ ਬਣਾ ਦਿੱਤੀ ਹੈ ਪਰ ਉਹ ਸਥਾਨਕ ਟਰੱਕ ਮਾਲਕਾਂ ਦੇ ਮਸਲਿਆਂ ਨੂੰ ਹੱਲ ਕਰਨ ਦੀ ਕੋਈ ਵੀ ਤਰਜੀਹ ਨਹੀਂ ਦੇ ਰਹੀ। ਸਥਾਨਕ ਉਦਯੋਗਿਕ ਸੰਸਥਾ ਪਰਾਇਮੋ ਕੈਮੀਕਲ ਦੇ 12 ਟੈਂਕਰ ਜਿਹੜੇ ਪਿਛਲੇ ਸਮੇਂ ਤੋਂ ਚੱਲ ਰਹੇ ਸੀ ਉਨ੍ਹਾਂ 'ਤੇ ਕੰਪਨੀ ਨੇ ਡਬਲ ਡਰਾਈਵਰ ਕਰਕੇ ਸਾਰਾ ਕੰਮ ਆਪਣੇ ਹੱਥ ਵਿੱਚ ਵੱਡੀ ਪੱਧਰ 'ਤੇ ਲੈ ਲਿਆ ਹੈ। ਇਸੇ ਤਰ੍ਹਾਂ ਬਾਡੀ ਵਾਲੇ ਸੈਕਸ਼ਨ ਤੇ ਕਾਸਟਿਕ ਸੋਢੇ ਦੀ ਟਰੱਕ ਮਾਲਕਾਂ ਨੂੰ ਲੈ ਕੇ ਜਾਣ ਵਿੱਚ ਭਾਰੀ ਮੁਸ਼ਕਿਲ ਆ ਰਹੀ ਹੈ ਕਿਉਂਕਿ ਖਰੀਦਦਾਰ ਪਾਰਟੀ ਸ਼ਹਿਰ ਵਿੱਚ ਕਈ ਕਈ ਜਗ੍ਹਾ 'ਤੇ ਗੱਡੀ ਨੂੰ ਖਾਲੀ ਕਰਵਾਉਂਦੀ ਹੈ ਤੇ ਡਾਲਾ ਵੀ ਵੱਡੇ ਪੱਧਰ 'ਤੇ ਲਿਆ ਜਾਂਦਾ ਹੈ। ਇਸ ਤੋਂ ਇਲਾਵਾ ਆਮ ਆਦਮੀ ਪਾਰਟੀ ਸਰਕਾਰ ਹੋਂਦ ਵਿੱਚ ਆਉਣ ਤੋਂ ਬਾਅਦ ਟਰਾਂਸਪੋਰਟ ਸੋਸਾਇਟੀ ਨੂੰ ਤੋੜ ਦਿੱਤਾ ਗਿਆ ਸੀ ਤੇ ਟਰੱਕ ਮਾਲਕਾਂ ਨੇ ਉਸ ਸਮੇਂ ਹਾਈਕੋਰਟ ਦਾ ਦਰਵਾਜ਼ਾ ਖੜਕਾ ਕੇ ਰਾਹਤ ਲੈ ਲਈ ਸੀ। ਪਰ ਕਾਨੂੰਨ ਦੀ ਤਲਵਾਰ ਸਿਰ 'ਤੇ ਲਟਕ ਰਹੀ ਹੈ।ਪਰ ਹੁਣ ਟਰੱਕ ਮਾਲਕਾਂ ਦੀ ਮੰਗ ਹੈ ਕਿ ਪੰਜਾਬ ਸਰਕਾਰ ਦੇ ਮੰਤਰੀ ਟਰਾਂਸਪੋਰਟ ਸੁਸਾਇਟੀ ਨੂੰ ਬਹਾਲ ਕਰਵਾਏ। ਇਸੇ ਤਰ੍ਹਾਂ ਨੋਵਾ ਗੱਡੀ ਜੋ ਸੁਸਾਇਟੀ ਦੀ ਹੈ, ਉਸ ਨੂੰ ਕਮੇਟੀ ਆਪਣੀ ਮਰਜ਼ੀ ਅਨੁਸਾਰ ਵਰਤ ਰਹੀ ਹੈ। ਟਰੱਕ ਮਾਲਕਾਂ ਨੇ ਵਿਚਾਰ ਵਟਾਂਦਰਾ ਕਰਦਿਆਂ ਦੱਸਿਆ ਕਿ ਰਾਖੀ ਨੂੰ ਵੀ ਬਾਹਰਲੀਆਂ ਗੱਡੀਆਂ ਲੋਡ ਕਰ ਰਹੀਆਂ ਹਨ।ਜਦ ਕਿ ਕਮੇਟੀ ਦਾ ਫਰਜ਼ ਬਣਦਾ ਹੈ ਕਿ ਰਾਖੀ ਦੀ ਢੁਲਾਈ ਸਥਾਨਕ ਟਰੱਕ ਮਾਲਕਾਂ ਨੂੰ ਰੇਟ ਤੈਅ ਕਰਕੇ ਦਿੱਤੀ ਜਾਵੇ। ਬਾਹਰਲੀਆਂ ਗੱਡੀਆਂ ਦੀ ਕੱਟੀ ਜਾ ਰਹੀ ਪਰਚੀ ਦਾ ਵੀ ਕੋਈ ਹਿਸਾਬ ਕਿਤਾਬ ਟਰੱਕ ਮਾਲਕਾਂ ਨੂੰ ਨਹੀਂ ਦਿੱਤਾ ਜਾ ਰਿਹਾ। ਅੱਜ ਦੀ ਇਸ ਮੀਟਿੰਗ ਦੇ ਵਿੱਚ ਇਸ ਗੱਲ ਦੀ ਚਿੰਤਾ ਵੀ ਕੀਤੀ ਕਿ ਮੌਜੂਦਾ ਕਮੇਟੀ ਟਰਾਂਸਪੋਰਟ ਸੋਸਾਇਟੀ ਵਿੱਚ ਚੱਲ ਰਹੇ ਕੇਸਾਂ ਦੀ ਕੋਈ ਵੀ ਢੁਕਵੀਂ ਪੈਰਵੀ ਨਹੀਂ ਕਰ ਰਹੀ । ਅੱਜ ਦੀ ਇਸ ਮੀਟਿੰਗ ਦੇ ਵਿੱਚ ਹੋਰਨਾਂ ਤੋਂ ਇਲਾਵਾ ਨਰਿੰਦਰ ਸਿੰਘ ਰਾਣਾ, ਕਾਮਰੇਡ ਸੁਰਜੀਤ ਸਿੰਘ ਢੇਰ, ਸੁੱਚਾ ਸਿੰਘ ਜਿੰਦਬੜੀ, ਨਿਰਮਲ ਸਿੰਘ ਪੱਟੀ, ਰੰਮੀ, ਰਕੇਸ਼ ਰਾਣਾ, ਨਤੀਸ਼ ਕੁਮਾਰ ਕਾਥੂ, ਭੋਡਾ ਮੇਘਪੁਰ, ਰਮੇਸ਼ ਕੁਮਾਰ ਪੰਡਤ, ਸਲਿੰਦਰ ਸਿੰਘ ਫੌਜੀ, ਸੋਨੂ ਬਹਿਲੂ, ਮਨੋਜ ਕੁਮਾਰ ਵੀ ਹਾਜ਼ਰ ਸਨ। ਟਰੱਕ ਮਾਲਕਾਂ ਨੇ ਇਹ ਵੀ ਫ਼ੈਸਲਾ ਕੀਤਾ ਹੈ ਕਿ ਟਰੱਕ ਮਾਲਕਾਂ ਨੂੰ ਆ ਰਹੀਆਂ ਦਰਪੇਸ਼ ਮੁਸ਼ਕਲਾਂ ਦਾ ਇੱਕ ਮੰਗ ਪੱਤਰ ਸਥਾਨਕ ਮੰਤਰੀ ਨੂੰ ਦਿੱਤਾ ਜਾਵੇਗਾ।

# 'ਇੱਕ ਵਿਧਾਇਕ ਇਕ ਪੈਨਸ਼ਨ' ਵਾਲੇ ਆਪ ਦੇ ਫੈਸਲੇ ਤੋਂ ਵਿਰੋਧੀ ਧਿਰਾਂ ਹਾਲੇ ਵੀ ਪ੍ਰੇਸ਼ਾਨ : ਮੋਹਿੰਦਰ ਭਗਤ

**ਜਲੰਧਰ (ਸ਼ੈਲੀ ਐਲਬਰਟ)** -: ਆਮ ਆਦਮੀ ਪਾਰਟੀ ਦੇ ਹਲਕਾ ਜਲੰਧਰ ਪੱਛਮੀ ਤੋਂ ਉਮੀਦਵਾਰ ਮੋਹਿੰਦਰ ਭਗਤ ਨੇ ਕਿਹਾ ਹੈ ਕਿ ਪੰਜਾਬ ਸਰਕਾਰ ਵੱਲੋਂ ਲਿਆ ਗਿਆ ਜੋ ਕ੍ਰਾਂਤੀਕਾਰੀ ਫੈਸਲਾ ਕਿ ਕਿਸੇ ਵੀ ਵਿਧਾਇਕ ਨੂੰ ਇਕ ਹੀ ਪੈਨਸ਼ਨ ਮਿਲੇਗੀ, ਇਹ ਕਾਂਗਰਸ, ਭਾਜਪਾ ਤੇ ਅਕਾਲੀ ਦਲ ਜਿਹੀਆਂ ਲੀਹੋ ਲਹਿ ਗਈਆਂ ਪਾਰਟੀਆਂ ਨੂੰ ਹਾਲੇ ਤਕ ਪ੍ਰੇਸ਼ਾਨ ਕਰ ਰਿਹਾ ਹੈ ਅਤੇ ਇਹ ਪਾਰਟੀਆਂ ਲੋਕਾਂ ਨੂੰ ਗੁੰਮਰਾਹ ਕਰਕੇ ਮਾਨ ਸਰਕਾਰ ਦੇ ਅਜਿਹੇ ਫੈਸਲਿਆਂ ਨੂੰ ਉਲਟਾਉਣ 'ਤੇ ਤੁਲੀਆਂ ਹੋਈਆਂ ਹਨ । ਮੋਹਿੰਦਰ ਭਗਤ ਨੇ ਕਿਹਾ ਕਿ ਲੋਕ ਹਿਤੂ ਕੀਤੇ ਗਏ ਫੈਸਲਿਆਂ ਵੱਲ ਕੈਰੀ ਅੱਖ ਕਰਕੇ ਦੇਖਣ ਵਾਲੀਆਂ ਵਿਰੋਧੀ ਪਾਰਟੀਆਂ ਨੂੰ ਲੋਕ ਇਸ ਉਪ ਚੋਣ ਦੌਰਾਨ 10 ਜੁਲਾਈ ਨੂੰ ਡੱਟਵਾਂ ਜਵਾਬ ਦੇਣਗੇ।ਆਪ ਦੇ ਸੁਲਝੇ ਹੋਏ ਉਮੀਦਵਾਰ ਮੋਹਿੰਦਰ ਭਗਤ ਨੇ ਦਸਿਆ ਕਿ ਕਾਂਗਰਸ ਤੇ ਅਕਾਲੀ ਦਲ-ਭਾਜਪਾ ਦਾ ਵਾਰੋ ਵਾਰੀ ਹਕੂਮਤ ਕਰਨ ਦਾ ਸੁਫਨਾ ਪੰਜਾਬੀਆਂ ਨੇ ਖਤਮ ਕਰ ਦਿੱਤਾ ਹੈ, ਪਿਛਲੇ 77 ਸਾਲਾਂ ਤੋਂ ਇਹ ਪਾਰਟੀਆਂ ਆਮ ਲੋਕਾਂ ਨੂੰ ਗੁੰਮਰਾਹ ਕਰਕੇ ਰਾਜ ਭਾਗ ਭੋਗਦੀਆਂ ਰਹੀਆਂ ਨੇ, ਪਰ ਹੁਣ ਪਹਿਲੀ ਵਾਰ ਆਮ ਆਦਮੀ ਦੀ ਆਪਣੀ ਸਰਕਾਰ ਨੇ ਆਮ ਲੋਕਾਂ ਦੀਆਂ ਮੁਸ਼ਕਲਾਂ ਨੂੰ ਨੇੜਿਓਂ ਦੇਖਦੇ ਹੋਏ ਲੋਕ ਕਚਿਹਰੀਆਂ ਵਿੱਚ ਫੈਸਲੇ ਕਰਨੇ ਸ਼ੁਰੂ ਕੀਤੇ ਹਨ ਜਿਸ ਦਾ ਲੋਕਾਂ ਵੱਲੋਂ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ।ਮੋਹਿੰਦਰ ਭਗਤ ਨੇ ਦਾਅਵਾ ਕੀਤਾ ਕਿ ਜਲੰਧਰ ਪੱਛਮੀ ਹਲਕੇ ਦੀ ਸੀਟ ਜਿੱਤ ਕੇ ਅਰਵਿੰਦ ਕੇਜਰੀਵਾਲ ਤੇ ਭਗਵੰਤ ਸਿੰਘ ਮਾਨ ਦੀ ਝੋਲੀ ਪਾਈ ਜਾਏਗੀ।

# ਨਸ਼ਿਆਂ ਵਿਰੁੱਧ ਕੌਮਾਂਤਰੀ ਦਿਵਸ 'ਤੇ ਨਸ਼ਿਆਂ ਦੀ ਰੋਕਥਾਮ ਦਾ ਲਿਆ ਅਹਿਦ

**ਕਪੂਰਥਲਾ, (ਪ੍ਰੀਤ ਸੰਗੋਜਲਾ)**- ਨਸ਼ਿਆਂ ਵਿਰੁੱਧ ਕੌਮਾਂਤਰੀ ਦਿਵਸ ਮੌਕੇ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਸਥਾਨਕ ਜ਼ਿਲ੍ਹਾ ਪ੍ਰਸ਼ਾਸਕੀ ਕੰਪਲੈਕਸ ਵਿਖੇ ਰੱਖੇ ਵਿਸ਼ੇਸ਼ ਸਮਾਗਮ ਦੌਰਾਨ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨੇ ਨਸ਼ਿਆਂ ਦੀ ਰੋਕਥਾਮ ਦਾ ਅਹਿਦ ਲੈਂਦਿਆਂ ਲੋਕਾਂ ਨੂੰ ਇਸ ਸਮਾਜਿਕ ਅਲਾਮਤ ਖਿਲਾਫ਼ ਡਟਣ ਦਾ ਸੱਦਾ ਦਿੱਤਾ।ਡਿਪਟੀ ਕਮਿਸ਼ਨਰ ਅਮਿਤ ਕੁਮਾਰ ਪੰਚਾਲ ਨੇ ਨਸ਼ਿਆਂ ਦੇ ਸਰੀਰ ਅਤੇ ਸਮਾਜ ਵਿਚ ਪੈਂਦੇ ਮਾੜੇ ਪ੍ਰਭਾਵਾਂ ਦੀ ਗੱਲ ਕਰਦਿਆਂ ਕਿਹਾ ਕਿ ਵਿਸ਼ਵ ਡਰੱਗ ਦਿਵਸ ਮੌਕੇ ਸਾਰਿਆਂ ਨੂੰ ਪ੍ਰਣ ਕਰਨਾ ਚਾਹੀਦਾ ਹੈ ਕਿ ਇਸ ਸਮੱਸਿਆ ਤੋਂ ਨਿਜਾਤ ਪਾਉਣ ਲਈ ਆਪੋ-ਆਪਣੇ ਪੱਧਰ 'ਤੇ ਬਣਦਾ ਯੋਗਦਾਨ ਪਾਇਆ ਜਾਵੇ। ਉਨ੍ਹਾਂ ਕਿਹਾ ਕਿ ਸੂਬੇ ਦੀ ਜਵਾਨੀ ਨੂੰ ਨਸ਼ਿਆਂ ਤੋਂ ਦੂਰ ਰੱਖਣ ਲਈ ਹੇਠਲੇ ਪੱਧਰ ਤੱਕ ਜਾਗਰੂਕਤਾ ਦੇ ਨਾਲ-ਨਾਲ ਖੇਡ ਸੱਭਿਆਚਾਰ ਨੂੰ ਹੋਰ ਪ੍ਰਫੁੱਲਤ ਕਰਨ ਲਈ ਢੁਕਵੇਂ ਕਦਮ ਚੁੱਕਣਾ ਸਮੇਂ ਦੀ ਮੁੱਖ ਮੰਗ ਹੈ। ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਪੰਜਾਬ ਸਰਕਾਰ ਵਲੋਂ ਨਸ਼ਿਆਂ ਦੇ ਮੁਕੰਮਲ ਸਫਾਏ ਦਾ ਤਹੱਈਆ ਕੀਤਾ ਗਿਆ ਹੈ, ਜਿਸ ਤਹਿਤ ਸਿਵਲ ਅਤੇ ਪੁਲਸ ਪ੍ਰਸ਼ਾਸਨ ਪੂਰੀ ਸਰਗਰਮੀ ਨਾਲ ਲੋੜੀਂਦੀ ਕਾਰਵਾਈ ਕਰ ਰਿਹਾ ਹੈ, ਜਿਸ ਲਈ ਲੋਕਾਂ ਨੂੰ ਨਸ਼ਿਆਂ ਨਾਲ ਸਬੰਧਤ ਕਿਸੇ ਵੀ ਕਿਸਮ ਦੀ ਸੂਚਨਾ ਤੁਰੰਤ ਸਬੰਧਤ ਅਧਿਕਾਰੀਆਂ ਨੂੰ ਦੇਣੀ ਚਾਹੀਦੀ ਹੈ ਤਾਂ ਜੋ ਇਸ ਰੁਝਾਨ ਨੂੰ ਠੱਲ੍ਹਿਆ ਜਾ ਸਕੇ। ਨਸ਼ਿਆਂ ਵਿਰੁੱਧ ਕੌਮਾਂਤਰੀ ਦਿਵਸ ਮੌਕੇ ਜ਼ਿਲ੍ਹੇ ਦੇ ਵੱਖ-ਵੱਖ ਇਲਾਕਿਆਂ ਤੋਂ ਆਏ ਉਹ ਨੌਜਵਾਨ, ਜਿਹੜੇ ਨਸ਼ਿਆਂ ਨੂੰ ਛੱਡ ਕੇ ਸਿਹਤਮੰਦ ਜੀਵਨ ਬਤੀਤ ਕਰ ਰਹੇ ਹਨ, ਨਾਲ ਗੱਲਬਾਤ ਕਰਦਿਆਂ ਡਿਪਟੀ ਕਮਿਸ਼ਨਰ ਅਮਿਤ ਕੁਮਾਰ ਪੰਚਾਲ ਨੇ ਕਿਹਾ ਕਿ ਨਸ਼ਿਆਂ ਦੇ ਰੁਝਾਨ ਦੀ ਗ੍ਰਿਫਤ ਵਿਚ ਆ ਚੁੱਕੇ ਲੋਕਾਂ ਲਈ ਇਹ ਨੌਜਵਾਨ ਰਾਹ ਦਸੇਰੇ ਹਨ। ਪੰਚਾਲ ਨੇ ਕਿਹਾ ਕਿ ਦ੍ਰਿੜ੍ਹ ਇਰਾਦੇ ਅਤੇ ਸਾਰਥਕ ਪਹੁੰਚ ਨਾਲ ਨਸ਼ਿਆਂ ਨੂੰ ਛੱਡਣਾ ਕੋਈ ਮੁਸ਼ਕਿਲ ਕੰਮ ਨਹੀਂ। ਉਨ੍ਹਾਂ ਨੇ ਨਸ਼ਾ ਛੱਡ ਚੁੱਕੇ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਵੀ ਨਸ਼ੇ ਛੁਡਵਾਉਣ ਲਈ ਮਾਰੇ ਜਾ ਰਹੇ ਹੰਭਲਿਆਂ ਵਿਚ ਆਪਣਾ ਯੋਗਦਾਨ ਪਾਉਂਦਿਆਂ ਬਾਕੀ ਲੋਕਾਂ ਨੂੰ ਵੀ ਇਸ ਸਮਾਜਿਕ ਬੁਰਾਈ ਤੋਂ ਛੁਟਕਾਰਾ ਪਾਉਣ ਲਈ ਪ੍ਰੇਰਿਤ ਕਰਨ। ਜ਼ਿਲ੍ਹੇ ਵਿਚ ਨਸ਼ਿਆਂ ਵਿਰੁੱਧ ਅਤੇ ਮੁੜ ਵਸੇਬੇ ਦੀਆਂ ਚੱਲ ਰਹੀਆਂ ਕਾਰਵਾਈਆਂ ਬਾਰੇ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਸਥਾਨਕ ਸਿਵਲ ਹਸਪਤਾਲ ਵਿਚ ਪੰਜਾਬ ਦਾ ਇਕ ਬਿਹਤਰੀਨ ਨਸ਼ਾ ਛੁਡਾਊ ਕੇਂਦਰ ਪੂਰੀ ਤਰ੍ਹਾਂ ਕਾਰਜਸ਼ੀਲ ਹੈ, ਜਿੱਥੇ ਇਲਾਜ ਪ੍ਰਾਪਤ ਕਰਨ ਵਾਲਿਆਂ ਲਈ ਸਾਰੀਆਂ ਸਹੂਲਤਾਂ ਮੁਫ਼ਤ ਮੁਹੱਈਆ ਕਰਵਾਈਆਂ ਜਾਂਦੀਆਂ ਹਨ। ਉਨ੍ਹਾਂ ਦੱਸਿਆ ਕਿ 45 ਬੈੱਡਾਂ ਵਾਲੇ ਇਸ ਸੈਂਟਰ ਵਿਖੇ ਇਲਾਜ ਤੋਂ ਇਲਾਵਾ ਰਹਿਣ ਅਤੇ ਖਾਣ-ਪੀਣ ਦੀ ਵਿਸ਼ੇਸ਼ ਸਹੂਲਤ ਹੈ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਵਿਚ ਵੱਖ-ਵੱਖ ਥਾਂਈ ਨਸ਼ਾ ਛੁਡਾਊ ਕੇਂਦਰਾਂ ਤੋਂ ਇਲਾਵਾ 15 ਓਟ ਕਲੀਨਿਕ ਚੱਲ ਰਹੇ ਹਨ, ਜਿੱਥੇ ਨਸ਼ਾ ਛੱਡਣ ਵਾਲਿਆਂ ਨੂੰ ਰੋਜ਼ਾਨਾ ਲੋੜੀਂਦੀਆਂ ਦਵਾਈਆਂ ਤੇ ਇਲਾਜ ਦੀ ਸਹੂਲਤ ਦਿੱਤੀ ਜਾ ਰਹੀ ਹੈ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਜ) ਸ਼ਿਖਾ ਭਗਤ, ਐਸ.ਪੀ. (ਹੈੱਡਕੁਆਰਟਰ) ਗੁਰਪ੍ਰੀਤ ਸਿੰਘ ਗਿੱਲ, ਸਿਵਲ ਸਰਜਨ ਡਾ. ਸੁਰਿੰਦਰਪਾਲ ਕੌਰ, ਡਿਪਟੀ ਮੈਡੀਕਲ ਕਮਿਸ਼ਨਰ ਡਾ. ਸੰਦੀਪ ਭੋਲਾ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਵੀ ਮੌਜੂਦ ਸਨ।

# ਐੱਲ ਪੀ ਯੂ ਵੱਲੋਂ ਮੈਡੀਕਲ ਲੈਬ ਦੇ ਖੇਤਰ 'ਚ ਵਰਕਸ਼ਾਪ



**ਜਲੰਧਰ (ਸ਼ੈਲੀ ਐਲਬਰਟ)**-ਪੰਜਾਬ ਭਰ ਦੇ 1200 ਤੋਂ ਵੱਧ ਮੈਡੀਕਲ ਲੈਬ ਪ੍ਰੈਕਟੀਸ਼ਨਰ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ, ਜਲੰਧਰ ਵਿਖੇ ਬਿਓਂਡ ਦਾ ਬੈਂਚ: ਟਰਾਂਸਫਾਰਮਿੰਗ ਐਕਸੀਲੈਂਸ ਇਨ ਮੈਡੀਕਲ ਲੈਬ ਟੈਕਨਾਲੋਜੀ 'ਤੇ ਵਰਕਸ਼ਾਪ ਲਈ ਇਕੱਠੇ ਹੋਏ। ਜਵਾਇੰਟ ਐਸੋਸੀਏਸ਼ਨ ਆਫ ਇੰਡੀਪੈਂਡੈਂਟ ਮੈਡੀਕਲ ਲੈਬ ਐਂਡ ਅਲਾਈਡ ਪ੍ਰੋਫੈਸ਼ਨਲਜ਼ ਅਤੇ ਐਲ ਪੀ ਯੂ ਦੇ ਮੈਡੀਕਲ ਲੈਬੋਰੇਟਰੀ ਸਾਇੰਸਜ਼ ਵਿਭਾਗ ਦੁਆਰਾ ਸਾਂਝੇ ਤੌਰ 'ਤੇ ਆਯੋਜਿਤ ਕੀਤੇ ਗਏ ਇਸ ਸਮਾਗਮ ਦਾ ਉਦੇਸ਼ ਗਿਆਨ ਦੇ ਆਦਾਨ-ਪ੍ਰਦਾਨ ਅਤੇ ਪੇਸ਼ੇਵਰ ਵਿਕਾਸ ਲਈ ਇੱਕ ਪਲੇਟਫਾਰਮ ਪ੍ਰਦਾਨ ਕਰਨਾ ਸੀ।ਪ੍ਰੋਗਰਾਮ ਦਾ ਉਦਘਾਟਨ ਮੁੱਖ ਮਹਿਮਾਨ ਪੰਜਾਬ ਸਰਕਾਰ ਕੈਬਨਿਟ ਮੰਤਰੀ ਅਮਨ ਅਰੋੜਾ ਦੁਆਰਾ ਕੀਤਾ ਗਿਆ। ਉਨ੍ਹਾਂ ਨੇ ਚੰਗੇ ਪ੍ਰਸ਼ਾਸਨ ਪ੍ਰਤੀ ਆਪਣੀ ਵਚਨਬੱਧਤਾ ਪ੍ਰਗਟ ਕੀਤੀ ਅਤੇ ਮੈਡੀਕਲ ਲੈਬਾਰਟਰੀ ਪ੍ਰੈਕਟੀਸ਼ਨਰਾਂ ਦੀ ਸਮਾਜ ਪ੍ਰਤੀ ਅਮੁੱਲ ਸੇਵਾ ਲਈ ਸ਼ਲਾਘਾ ਕੀਤੀ। ਉਨ੍ਹਾਂ ਜੈਮਿਲਪ ਦੇ ਸੂਬਾ ਪ੍ਰਧਾਨ ਜਗਦੀਪ ਐਸ. ਭਾਰਦਵਾਜ ਅਤੇ ਰਾਸ਼ਟਰੀ ਜਨਰਲ ਸਕੱਤਰ ਰਾਜਨ ਬੈਕਟਰ ਦੁਆਰਾ ਮੈਡੀਕਲ ਪ੍ਰਯੋਗਸ਼ਾਲਾ ਪੇਸ਼ੇ ਵਿੱਚ ਸਮਾਜਿਕ ਤੌਰ 'ਤੇ ਜ਼ਿੰਮੇਵਾਰ ਅਗਵਾਈ ਪ੍ਰਦਾਨ ਕਰਨ ਵਿੱਚ ਨਿਭਾਈ ਗਈ ਮਹੱਤਵਪੂਰਨ ਭੂਮਿਕਾ ਦੀ ਵੀ ਸ਼ਲਾਘਾ ਕੀਤੀ। ਅਮਨ ਅਰੋੜਾ ਨੇ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਦੀ ਵਿਭਿੰਨਤਾ, ਸਮਾਵੇਸ਼ ਨੂੰ ਉਤਸ਼ਾਹਿਤ ਕਰਨ ਅਤੇ ਉੱਚ ਸਿੱਖਿਆ ਅਤੇ ਰੁਜ਼ਗਾਰ ਦੇ ਮੌਕਿਆਂ ਲਈ ਇਸ ਦੇ ਯੋਗਦਾਨ ਦੀ ਵੀ ਸ਼ਲਾਘਾ ਕੀਤੀ।ਡਾ. ਸੰਜੇ ਮੋਦੀ, ਪ੍ਰੋ ਵਾਈਸ ਚਾਂਸਲਰ ਅਤੇ ਡਾ. ਮੋਨਿਕਾ ਗੁਲਾਟੀ, ਰਜਿਸਟਰਾਰ, ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਨੇ ਵਰਕਸ਼ਾਪ ਵਿੱਚ ਭਾਗ ਲਿਆ ਅਤੇ ਭਾਗੀਦਾਰਾਂ ਨੂੰ ਗੁਣਵੱਤਾ ਵਿੱਚ ਸੁਧਾਰ ਲਈ ਲਗਾਤਾਰ ਉਪਰਾਲੇ ਕਰਨ ਲਈ ਪ੍ਰੇਰਿਤ ਕੀਤਾ। ਡਾਕਟਰ ਸੁਨੈਨਾ ਆਹੂਜਾ, ਪ੍ਰੋਫੈਸਰ ਅਤੇ ਡੀਨ, ਸਰਬਜੀਤ ਸਿੰਘ ਕਵਾਤਰਾ, ਡਿਪਟੀ ਡੀਨ ਦੀ ਅਗਵਾਈ ਵਾਲੇ ਮਨੁੱਖੀ ਸਰੋਤ ਵਿਕਾਸ ਕੇਂਦਰ ਨੂੰ ਪ੍ਰੈਕਟਿਸ ਕਰਨ ਵਾਲੇ ਪੇਸ਼ੇਵਰਾਂ ਦੀ ਸਮਰੱਥਾ ਨੂੰ ਵਧਾਉਣ ਲਈ ਅਜਿਹੇ ਹੋਰ ਪ੍ਰੋਗਰਾਮ ਵਿਕਸਤ ਕਰਨ ਲਈ ਕਿਹਾ। ਸਿਖਲਾਈ ਸੈਸ਼ਨ ਦੌਰਾਨ ਰਿਸੋਰਸ ਪਰਸਨ ਡਾ. ਨਰੇਸ਼ ਕੁਮਾਰ, ਰੁਪਲ ਦੂਬੇ, ਡਾ. ਸੁਮਨਪ੍ਰੀਤ ਕੌਰ ਅਤੇ ਡਾ. ਸੁਖਦੀਪ ਕੁਮਾਰ ਨੇ ਵੱਖ-ਵੱਖ ਵਿਸ਼ਿਆਂ 'ਤੇ ਜਾਣਕਾਰੀ ਪ੍ਰਦਾਨ ਕੀਤੀ ਅਤੇ ਹਾਜ਼ਰੀਨ ਨੂੰ ਉਪਕਰਨਾਂ ਬਾਰੇ ਉਂਨਤ ਜਾਣਕਾਰੀ ਸਾਂਝੀ ਕੀਤੀ। ਐਲ ਪੀ ਯੂ ਦੇ ਸਕੂਲ ਆਫ਼ ਅਲਾਈਡ ਮੈਡੀਕਲ ਸਾਇੰਸਿਜ਼ ਦੇ ਸਟਾਫ਼ ਨੇ ਆਪਣੀਆਂ ਨਵੀਨਤਮ ਰਚਨਾਵਾਂ ਰਿਲੀਜ਼ ਕੀਤੀਆਂ। ਡਾ. ਗੁਰਸ਼ਰਨ ਸਿੰਘ ਦੁਆਰਾ ਸੰਪਾਦਿਤ ਪੁਸਤਕ 'ਏ ਵੈਲਯੂ ਐਡੇਡ ਬਾਇਓਐਲਗੀ ਬੇਸਡ ਬਾਇਓਰੀਫਾਈਨਰੀ: ਸਮ ਅਵਸਰ ਐਂਡ ਚੈਲੇਂਜ' ਸਪਰਿੰਗਰ ਪਬਲਿਸ਼ਰਜ਼ ਦੁਆਰਾ ਪ੍ਰਕਾਸ਼ਿਤ ਕੀਤੀ ਗਈ ਸੀ। ਇਸ ਤੋਂ ਇਲਾਵਾ, ਚਾਰ ਈ-ਕਿਤਾਬਾਂ ਵੀ ਲਾਂਚ ਕੀਤੀਆਂ ਗਈਆਂ , ਜਿਨ੍ਹਾਂ ਵਿੱਚ ਟੈਕਸਟਬੁਕ ਇਨ ਐਮਬ੍ਰਿਯੋਲਾਜੀ (ਨੋਵਾ ਸਾਇੰਸ ਯੂ.ਐਸ.ਏ.), ਬਾਇਓਮੈਡੀਕਲ ਸਾਇੰਸਜ਼ ਵਿੱਚ ਨੈਨੋਮੈਟਰੀਅਲਜ਼ ਦੀ ਕਟਿੰਗ-ਐਜ ਐਪਲੀਕੇਸ਼ਨਜ਼ (ਆਈ ਜੀ ਆਈ-ਗਲੋਬਲ), ਸੁਧਾਰਿਤ ਹੈਲਥਕੇਅਰ ਲਈ ਬਾਇਓਮੈਡੀਕਲ ਰਿਸਰਚ ਡਿਵਲਪਮੈਂਟ (ਆਈ ਜੀ ਆਈ- ਗਲੋਬਲ) ਅਤੇ ਕਟਿੰਗ-ਐਜ ਬਾਇਓਮੈਡੀਕਲ ਐਡਵਾਂਸਮੈਂਟਸ ਨਾਲ ਹੈਲਥਕੇਅਰ ਰੀਸ਼ੇਪਿੰਗ (ਆਈ ਜੀ ਆਈ ਗਲੋਬਲ) ਸ਼ਾਮਿਲ ਸਨ। ਡਾ: ਪ੍ਰਣਵ ਕੁਮਾਰ ਪ੍ਰਭਾਕਰ, ਡਾ. ਸੰਦੀਪ ਸ਼ਰਮਾ ਅਤੇ ਡਾ.ਮਨੀਸ਼ ਵਿਆਸ ਦੁਆਰਾ ਸੰਪਾਦਿਤ ਇਨ੍ਹਾਂ ਪ੍ਰਕਾਸ਼ਨਾਂ ਵਿੱਚ ਡਾ. ਸੁਮਨਪ੍ਰੀਤ ਕੌਰ, ਡਾ. ਸੰਦੀਪ ਕੌਰ, ਅਮਨਦੀਪ ਕੌਰ ਅਤੇ ਡਾ. ਪਾਇਲ ਦਾ ਵੀ ਯੋਗਦਾਨ ਰਿਹਾ।

# ਸਾਬਕਾ ਕੌਂਸਲਰ ਦੇ ਲੜਕੇ ਨੂੰ ਅਗਵਾ ਕਰਕੇ ਤਿੰਨ ਵਿਅਕਤੀਆਂ ਨੇ ਮੰਗੀ 50 ਹਜ਼ਾਰ ਰੁਪਏ ਦੀ ਫਿਰੌਤੀ



**ਕਾਲਾ ਸੰਘਿਆਂ (ਮਨਜੀਤ ਮਾਨ)**-ਪੰਜਾਬ ਦੇ ਜਲੰਧਰ 'ਚ ਨਕੋਦਰ ਤੋਂ ਅਕਾਲੀ ਦਲ ਦੇ ਸੀਨੀਅਰ ਆਗੂ ਤੇ ਸਾਬਕਾ ਕੌਂਸਲਰ ਭਗਵਾਨ ਸਿੰਘ ਪਰੂਥੀ ਦੇ ਲੜਕੇ ਨੂੰ ਅਗਵਾਹ ਕਰਕੇ ਉਸ ਤੋਂ ਫਿਰੌਤੀ ਮੰਗਣ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਕੇਸ ਵਿੱਚ ਪੁਲਸ ਨੇ ਨਕੋਦਰ ਕਚਹਿਰੀ ਵਿੱਚ ਤਾਇਨਾਤ ਪੰਜਾਬ ਹੋਮਗਾਰਡ ਦੇ ਜਵਾਨ ਦੇ ਨਾਲ ਤਿੰਨ ਵਿਅਕਤੀਆਂ ਖਿਲਾਫ ਕੇਸ ਦਰਜ ਕੀਤਾ ਹੈ। ਦੋਸ਼ੀ ਪਾਏ ਗਏ ਜਲੰਧਰ ਦੇ ਰਹਿਣ ਵਾਲੇ ਰੋਹਿਤ ਗਿੱਲ ਹੋਮਗਾਰਡ, ਸਾਥੀ ਗੁਰਪ੍ਰੀਤ ਸਿੰਘ ਉਰਫ ਗੋਪੀ ਅਤੇ ਜੈਕਵਸ ਦੇ ਖਿਲਾਫ ਆਈ ਪੀ ਸੀ ਧਾਰਾ 386,442,506,511, ਅਤੇ 34 ਆਈ ਪੀ ਸੀ ਦੇ ਤਹਿਤ ਕੇਸ ਦਰਜ ਕੀਤਾ ਗਿਆ ਹੈ। ਨਕੋਦਰ ਦੇ ਸ੍ਰੀ ਗੁਰੂ ਤੇਗ ਬਹਾਦਰ ਨਗਰ ਦੇ ਰਹਿਣ ਵਾਲੇ ਭਗਵਾਨ ਸਿੰਘ ਪਰੂਥੀ ਨੇ ਪੁਲਸ ਨੂੰ ਦੱਸਿਆ ਕਿ ਉਹ ਨਗਰ ਨਿਗਮ ਨਕੋਦਰ ਤੋਂ ਅਕਾਲੀ ਦਲ ਦੇ ਸੀਨੀਅਰ ਆਗੂ ਹਨ। ਉਸ ਦਾ ਸਿਵਲ ਹਸਪਤਾਲ ਨਕੋਦਰ ਦੇ ਸਾਹਮਣੇ ਖਾਲਸਾ ਨਾਂਅ ਦੀ ਡੇਅਰੀ ਚਲਾਉਣ ਦਾ ਕੰਮ ਹੈ। ਬੀਤੇ ਸਨਿੱਚਰਵਾਰ ਨੂੰ ਉਨ੍ਹਾਂ ਦਾ ਲੜਕਾ ਨਵਜੋਤ ਸਿੰਘ ਪਰੂਥੀ ਉਰਫ ਮੰਨੀ ਸਵੇਰੇ ਤਕਰੀਬਨ 10.30 ਵਜੇ ਬਾਬਾ ਮੁਰਾਦ ਸ਼ਾਹ ਰੋਡ 'ਤੇ ਕੋਈ ਕੰਮ 'ਤੇ ਜਾਣ ਦਾ ਕਹਿ ਕੇ ਗਿਆ ਸੀ। ਸਵੇਰੇ ਤਕਰੀਬਨ 11.10 ਵਜੇ ਨਵਜੋਤ ਉਰਫ ਮੰਨੀ ਦੇ ਮੋਬਾਇਲ ਤੋਂ ਵਟਸਐਪ ਕਾਲ ਆਈ। ਕਾਲ ਤੋਂ ਕੋਈ ਅਣਜਾਣ ਵਿਅਕਤੀ ਗੱਲ ਕਰ ਰਿਹਾ ਸੀ। ਦੋਸ਼ੀ ਨੇ ਪਰੂਥੀ ਨੂੰ ਕਿਹਾ ਕਿ ਅਸੀਂ ਤੁਹਾਡੇ ਮੁੰਡੇ ਨੂੰ ਨਸ਼ਾ ਕਰਦੇ ਹੋਏ ਫੜਿਆ ਹੈ। ਦੋਸ਼ੀ ਨੇ ਮੁੰਡੇ ਨੂੰ ਛੱਡਣ ਲਈ 50 ਹਜ਼ਾਰ ਰੁਪਏ ਦੀ ਮੰਗ ਰੱਖੀ ਸੀ। ਦੋਸ਼ੀ ਨੇ ਪਰੂਥੀ ਨੂੰ ਮਿਲਣ ਲਈ ਸਿਟੀ-2 ਕਾਲੋਨੀ ਵਿੱਚ ਬੁਲਾਇਆ ਸੀ। ਪੀੜਤ ਆਪਣੇ ਵੱਡੇ ਮੁੰਡੇ ਜਸਪ੍ਰੀਤ ਸਿੰਘ ਦੇ ਨਾਲ ਪੈਸੇ ਲੈ ਕੇ ਨਿਕਲਣ ਲੱਗਾ ਕਿ ਏਨੇ ਵਿੱਚ ਦੋਸ਼ੀ ਦਾ ਦੁਬਾਰਾ ਫੋਨ ਆਇਆ ਤੇ ਕਿਹਾ ਕਿ ਤੁਸੀਂ ਏਥੇ ਹੀ ਰਹੋ, ਮੈਂ ਆਪਣੇ ਬੰਦੇ ਨੂੰ ਪੈਸੇ ਲੈਣ ਭੇਜਦਾ ਹਾਂ। ਕੁਝ ਦੇਰ ਬਾਅਦ ਬਿਨਾਂ ਨੰਬਰ ਪਲੇਟ ਤੋਂ ਮੋਟਰਸਾਈਕਲ 'ਤੇ 2 ਵਿਅਕਤੀ ਆਏ ਜੋ ਕਿ ਸਾਡੀ ਗੱਡੀ ਤੋਂ 50 ਮੀਟਰ ਦੀ ਦੂਰੀ 'ਤੇ ਰੁਕੇ ਸਨ। ਉਸ ਵਿਅਕਤੀ ਨੇ ਉਸ ਸਮੇਂ ਮੇਰੇ ਮੁੰਡੇ ਦੇ ਮੋਬਾਇਲ ਤੋਂ ਵਟਸਐਪ ਕਾਲ ਕੀਤੀ ਤੇ ਉਸ ਨੇ ਕਿਹਾ ਕਿ ਮੇਰੇ ਦੋਸਤ ਤੁਹਾਡੇ ਕੋਲ ਪਹੁੰਚ ਗਏ ਹਨ। ਪੀੜਤ ਨੇ ਕਿਹਾ ਕਿ ਪੈਸੇ ਗੱਡੀ ਵਿੱਚੋਂ ਆ ਕੇ ਲੈ ਜਾਉ ਪਰ ਉਹ ਨਹੀਂ ਆਏ ਤੇ ਜਲੰਧਰ ਰੋਡ ਵੱਲ ਮੁੰਡੇ ਨੂੰ ਆਲੋਵਾਲ ਗੇਟ 'ਤੇ ਛੱਡ ਕੇ ਫਰਾਰ ਹੋ ਗਏ। ਜਿਸ ਤੋਂ ਬਾਅਦ ਪੀੜਤ ਨੇ ਆਪਣੇ ਮੁੰਡੇ ਦੀ ਤਲਾਸ਼ ਸ਼ੁਰੂ ਕਰ ਦਿੱਤੀ। ਸ਼ਾਮ ਤਕਰੀਬਨ 7.00 ਵਜੇ ਨਵਜੋਤ ਨੂੰ ਪਿੰਡ ਆਲੋਵਾਲ ਗੇਟ 'ਤੇ ਛੱਡ ਗਏ ਮੇਰੇ ਮੁੰਡੇ ਨੇ ਡਰਦੇ ਡਰਦੇ ਮੈਨੂੰ ਫੋਨ ਕਰਕੇ ਸਾਰੀ ਗੱਲਬਾਤ ਦੱਸੀ। ਉਸ ਨੇ ਕਿਹਾ ਕਿ ਮੈਨੂੰ ਬਾਬਾ ਮੁਰਾਦ ਸ਼ਾਹ ਰੋਡ ਸਾਊਥ ਅੱਡਾ ਨਕੋਦਰ ਤੋਂ ਤਿੰਨ ਨੌਜਵਾਨ ਸਵਿਫਟ ਗੱਡੀ ਵਿੱਚ ਇੱਕ ਪੈਟਰੋਲ ਪੰਪ 'ਤੇ ਲੈ ਗਏ । ਮੁੰਡੇ ਨੇ ਦੱਸਿਆ ਕਿ ਉਸ ਨੂੰ ਰੋਹਿਤ ਗਿੱਲ ਨੇ ਆਪਣੇ ਸਾਥੀਆਂ ਦੇ ਨਾਲ ਮਿਲ ਕੇ ਅਗਵਾਹ ਕੀਤਾ ਸੀ। ਰੋਹਿਤ ਗਿੱਲ ਪੰਜਾਬ ਹੋਮਗਾਰਡ ਦਾ ਜਵਾਨ ਹੈ ਅਤੇ ਕਚਹਿਰੀ ਨਕੋਦਰ ਵਿੱਚ ਡਿਊਟੀ ਕਰਦਾ ਹੈ। ਰੋਹਿਤ ਦੇ ਨਾਲ ਉਸ ਦਾ ਸਾਥੀ ਗੁਰਪ੍ਰੀਤ ਸਿੰਘ ਉਰਫ ਗੋਪੀ ਅਤੇ ਜੈਕਬ ਵੀ ਸ਼ਾਮਲ ਸੀ। ਪੁਲਸ ਨੇ ਮਾਮਲੇ ਦੀ ਜਾਂਚ ਤੋਂ ਬਾਅਦ ਦੋਸ਼ੀਆਂ ਖਿਲਾਫ ਕੇਸ ਦਰਜ ਕਰ ਲਿਆ ਹੈ।

# ਕੰਟਰੈਕਚੁਅਲ ਫਾਰਮੇਸੀ ਅਫਸਰ ਕਰਨਗੇ ਜ਼ਿਮਨੀ ਚੋਣ 'ਚ ਸਰਕਾਰ ਦਾ ਵਿਰੋਧ



**ਪੱਟੀ (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)**-ਫਾਰਮੇਸੀ ਅਫਸਰਜ਼ ਐਸੋਸੀਏਸ਼ਨ ਆਫ ਪੰਜਾਬ ਦੀ ਸੂਬਾ ਕਮੇਟੀ ਦੇ ਸੱਦੇ 'ਤੇ ਜਥੇਬੰਦੀ ਦੀ ਜ਼ਿਲ੍ਹਾ ਇਕਾਈ ਵਲੋਂ ਸਿਵਲ ਸਰਜਨ ਤਰਨ ਤਾਰਨ ਭਾਰਤ ਭੂਸ਼ਨ ਨੂੰ ਮੁੱਖ ਮੰਤਰੀ ਭਗਵੰਤ ਮਾਨ ਅਤੇ ਸਿਹਤ ਮੰਤਰੀ ਦੇ ਨਾਂਅ ਯਾਦ ਪੱਤਰ ਦਿੱਤਾ ਤੇ ਆਪਣੀਆਂ 18 ਸਾਲ ਤੋਂ ਲਟਕਦੀਆਂ ਮੰਗਾ ਦਾ ਹੱਲ ਕਰਨ ਦੀ ਅਪੀਲ ਕੀਤੀ। ਗੌਰਤਲਬ ਹੈ ਕਿ ਕੱਚੇ ਮੁਲਾਜ਼ਮ ਪਿਛਲੇ 18 ਸਾਲ ਤੋਂ ਠੇਕੇ 'ਤੇ ਕੰਮ ਕਰ ਰਹੇ ਹਨ। ਪਿਛਲੇ 4 ਸਾਲ ਤੋਂ 618 ਡਿਸਪੈਂਸਰੀਆਂ ਸਿਹਤ ਵਿਭਾਗ ਅਧੀਨ ਸ਼ਿਫਟ ਹੋ ਗਈਆਂ ਹਨ ਜਿਸ ਵਿੱਚ ਉਪਰੋਕਤ ਮੁਲਾਜ਼ਮ ਸਿਰਫ 11 ਹਜ਼ਾਰ ਦੀ ਨਾਮਾਤਰ ਤਨਖਾਹ 'ਤੇ ਕੰਮ ਕਰ ਰਹੇ ਹਨ। ਇਹ ਮੁਲਾਜ਼ਮ ਰੈਗੂਲਰ ਮੁਲਾਜ਼ਮਾਂ ਦੇ ਬਰਾਬਰ ਵਿਭਾਗ ਦੇ ਸਾਰੇ ਕੰਮ ਕਰ ਰਹੇ ਹਨ ਪਰ ਆਰਥਿਕ ਅਤੇ ਮਾਨਸਿਕ ਰੂਪ ਵਿੱਚ ਵਿਭਾਗ ਅਤੇ ਸਰਕਾਰ ਵੱਲੋਂ ਇਨ੍ਹਾ ਦਾ ਸ਼ੋਸ਼ਣ ਕੀਤਾ ਜਾ ਰਿਹਾ ਹੈ। ਵਰਿੰਦਰ ਪਾਲ ਸਿੰਘ ਭਾਟੀਆ ਨੇ ਦੱਸਿਆ ਕਿ ਸਾਰੇ ਮੁਲਾਜ਼ਮ ਬਿਨਾਂ ਕਿਸੇ ਸੋਸ਼ਲ /ਮੈਡੀਕਲ ਸਿਕਉਰਟੀ ਤੋਂ ਕੰਮ ਕਰ ਰਹੇ ਹਨ। ਪਿਛਲੀਆਂ ਸਰਕਾਰਾਂ ਵਲੋਂ ਵਾਅਦਾ ਖਿਲਾਫ਼ੀ ਕਰਨ ਕਰਕੇ ਇਨ੍ਹਾਂ ਕਰਮਚਾਰੀਆਂ ਨੂੰ ਨਵੀਂ ਬਣੀ ਸਰਕਾਰ ਤੋਂ ਬਹੁਤ ਆਸਾਂ ਸਨ, ਇਸ ਤਹਿਤ ਸਰਕਾਰ ਨਾਲ ਮੁੱਖ ਮੰਤਰੀ ਪੱਧਰ ਤੱਕ ਮੀਟਿੰਗਾਂ ਹੋਈਆਂ ਪਰ ਨਤੀਜਾ ਸਿਫ਼ਰ ਰਿਹਾ। ਜਿਸ ਨਾਲ ਮੁਲਾਜ਼ਮਾਂ 'ਚ ਭਾਰੀ ਨਰਾਜ਼ਗੀ ਪਾਈ ਜਾ ਰਹੀ ਹੈ। ਪ੍ਰੈਸ ਨੂੰ ਬਿਆਨ ਜਾਰੀ ਕਰਦਿਆਂ ਜਥੇਬੰਦੀ ਦੇ ਜ਼ਿਲ੍ਹਾ ਆਗੂ ਸਾਹਬ ਸਿੰਘ ਨੇ ਕਿਹਾ ਕਿ ਜੇਕਰ ਆਉਣ ਵਾਲੇ ਕੁਝ ਦਿਨਾਂ ਵਿੱਚ ਸਰਕਾਰ ਨੇ ਕੋਈ ਹਾਂ-ਪੱਖੀ ਫੈਸਲਾ ਨਾ ਲਿਆ ਤਾਂ ਸੂਬਾ ਕਮੇਟੀ ਵਲੋਂ ਮੀਟਿੰਗ ਕਰ ਕੇ ਜ਼ਿਮਨੀ ਚੋਣ ਵਿੱਚ ਸਰਕਾਰ ਖਿਲਾਫ 'ਸ਼ੀਸ਼ਾ ਦਿਖਾਓ ਪ੍ਰੋਗਰਾਮ' ਕੀਤੇ ਜਾਣਗੇ ਅਤੇ ਸਰਕਾਰ ਦੇ ਮੁਲਾਜ਼ਮ ਪ੍ਰਤੀ ਬੇਰੁਖੀ ਵਾਲੇ ਵਰਤਾਰੇ ਦਾ ਚਿਹਰਾ ਬੇਨਕਾਬ ਕੀਤਾ ਜਾਵੇਗਾ ਅਤੇ ਲੋਕਾਂ ਨੂੰ ਘਰ ਘਰ ਜਾ ਕੇ ਵੀ ਦੱਸਿਆ ਜਾਵੇਗਾ। ਆਉਣ ਵਾਲੇ ਸਮੇਂ ਵਿੱਚ ਭਰਾਤਰੀ ਜਥੇਬੰਦੀਆਂ ਨਾਲ ਮਿਲ ਕੇ ਸਰਕਾਰ ਦਾ ਹਰ ਫਰੰਟ 'ਤੇ ਵਿਰੋਧ ਕੀਤਾ ਜਾਵੇਗਾ। ਇਸ ਮੌਕੇ ਵਰਿੰਦਰ ਪਾਲ ਸਿੰਘ ਭਾਟੀਆ, ਮਨਬੀਰ ਸਿੰਘ, ਰਣਜੀਤ ਸਿੰਘ ਬਾਠ, ਕੁਲਵਿੰਦਰ ਕੌਰ, ਸਰਬਜੀਤ ਜੁਲਕਾ, ਨਿਮਰਤਾ ਕੌਰ, ਸਤਿੰਦਰ ਪਾਲ ਸਿੰਘ, ਪੁਸ਼ਪਿੰਦਰ ਸਿੰਘ, ਭੁਪਿੰਦਰ ਸਿੰਘ, ਗੁਰਜਿੰਦਰ ਸਿੰਘ, ਗੁਲਤਾਰ ਸਿੰਘ, ਜਤਿੰਦਰ ਕੌਰ, ਇੰਦਰਜੀਤ ਸੇਖੋਂ, ਮਲਕੀਤ ਕੌਰ, ਜਗਦੀਪ ਸਿੰਘ ਹਰੀਕੇ, ਗੁਰਸ਼ਰਨ ਸਿੰਘ, ਗੁਰਜਿੰਦਰ ਸਿੰਘ, ਸੁੱਖਪਾਲ ਸਿੰਘ ਅਤੇ ਹੋਰ ਫਾਰਮੇਸੀ ਅਫ਼ਸਰ ਹਾਜ਼ਰ ਸਨ।

# ਬੇਟ ਇਲਾਕੇ ਅੰਦਰ ਡਰੇਨਾਂ ਦੀ ਸਫ਼ਾਈ ਨਾ ਹੋਣ ਕਾਰਨ ਕਿਸਾਨ ਚਿੰਤਤ

**ਗੁਰਦਾਸਪੁਰ, (ਜਨਕ ਮਹਾਜਨ)**-ਬੇਟ ਇਲਾਕ ਦੇ ਕਿਸਾਨਾਂ ਨੇ ਕਾਰਜਕਾਰੀ ਇੰਜੀਨੀਅਰ ਡਰੇਨੇਜ ਵਿਭਾਗ ਗੁਰਦਾਸਪੁਰ ਨੂੰ ਮੰਗ ਪੱਤਰ ਦੇ ਕੇ ਹਲਕੇ ਦੀਆਂ ਸਮੂਹ ਡਰੇਨਾਂ ਦੀ ਸਫਾਈ ਬਰਸਾਤਾਂ ਤੋਂ ਪਹਿਲਾਂ ਪਹਿਲਾਂ ਕਰਵਾਉਣ ਦੀ ਮੰਗ ਕੀਤੀ ਹੈ। ਇਲਾਕੇ ਦੇ ਕਿਸਾਨ ਸਤਨਾਮ ਸਿੰਘ, ਦਿਲਬਾਗ ਸਿੰਘ, ਮਲਕੀਤ ਸਿੰਘ, ਤਰਸੇਮ ਸਿੰਘ, ਅਮਰ ਸਿੰਘ ਅਤੇ ਕੁਲਦੀਪ ਕੌਰ ਨੇ ਸਾਂਝੇ ਤੌਰ 'ਤੇ ਦੱਸਿਆ ਕਿ ਡਰੇਨਾਂ ਦੀ ਸਮੇਂ ਸਿਰ ਵਿਭਾਗ ਵਲੋਂ ਸਫ਼ਾਈ ਨਾ ਕਰਵਾਏ ਜਾਣ ਕਾਰਨ ਹਰ ਸਾਲ ਬਰਸਾਤਾਂ ਦੇ ਸਮੇਂ ਦੌਰਾਨ ਹਰੇਕ ਫਸਲ ਪਾਣੀ ਵਿਚ ਡੁੱਬ ਕੇ ਮਰ ਜਾਂਦੀ ਹੈ ਜਿਸ ਨਾਲ ਕਿਸਾਨਾਂ ਦਾ ਆਰਥਿਕ ਤੌਰ 'ਤੇ ਭਾਰੀ ਨੁਕਸਾਨ ਹੁੰਦਾ ਹੈ।

ਉਨ੍ਹਾਂ ਦੱਸਿਆ ਕਿ ਪੁਰਾਣਾ ਸ਼ਾਲਾ, ਸੈਦੋਵਾਲ ਕਲਾਂ, ਗੁਨੋਪੁਰ, ਤੁੰਗ ਅਤੇ ਹੋਰ ਡਰੇਨਾਂ ਦੀ ਹਾਲਤ ਕਾਫ਼ੀ ਖਸਤਾ ਹੈ ਅਤੇ ਜੜੀ ਬੂਟੀ ਉੱਗੀ ਹੋਣ ਕਰਕੇ ਪਾਣੀ ਦਾ ਸਮੇਂ ਸਿਰ ਨਿਕਾਸ ਬੰਦ ਹੋ ਕੇ ਪਾਣੀ ਕਿਸਾਨਾਂ ਦੇ ਖੇਤਾਂ ਵਿਚ ਚਲੇ ਜਾਣ ਨਾਲ ਕੀਮਤੀ ਫ਼ਸਲਾਂ ਨੁਕਸਾਨੀਆਂ ਜਾਂਦੀਆਂ ਹਨ। ਇਹ ਮਾਮਲਾ ਡਿਪਟੀ ਕਮਿਸ਼ਨਰ ਗੁਰਦਾਸਪੁਰ ਦੇ ਧਿਆਨ ਵਿਚ ਲਿਆਉਣ ਦੇ ਬਾਵਜੂਦ ਵੀ ਡਰੇਨਾਂ ਦੀ ਸਫ਼ਾਈ ਦਾ ਕੋਈ ਵੀ ਹੱਲ ਨਹੀਂ ਹੋਇਆ ਜਿਸ ਕਰਕੇ ਇਲਾਕੇ ਦੇ ਕਿਸਾਨ ਕਾਫ਼ੀ ਚਿੰਤਤ ਨਜ਼ਰ ਆ ਰਹੇ ਹਨ।

# 68ਵੀਂ ਵਿਸ਼ਵ ਸਿੱਖ ਵਿੱਦਿਅਕ ਕਾਨਫ਼ਰੰਸ 21 ਤੋਂ 23 ਨਵੰਬਰ ਤੱਕ : ਕੱਥੂਨੰਗਲ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**-ਚੀਫ਼ ਖ਼ਾਲਸਾ ਦੀਵਾਨ ਦੇ ਆਨਰੇਰੀ ਸਕੱਤਰ ਸਵਿੰਦਰ ਸਿੰਘ ਕੱਥੂਨੰਗਲ ਦੀ ਪ੍ਰਧਾਨਗੀ ਹੇਠ ਦੀਵਾਨ ਅਧੀਨ ਚੱਲ ਰਹੀ ਐਜੂਕੇਸ਼ਨਲ ਕਮੇਟੀ ਦੀ ਇਕੱਤਰਤਾ ਆਯੋਜਿਤ ਕੀਤੀ ਗਈ। ਇਸ ਦੌਰਾਨ ਚੀਫ਼ ਖ਼ਾਲਸਾ ਦੀਵਾਨ ਵਲੋਂ 68ਵੀਂ ਵਿਸ਼ਵ ਸਿੱਖ ਵਿੱਦਿਅਕ ਕਾਨਫ਼ਰੰਸ ਖਾਲਸੇ ਦੀ ਜਨਮ ਭੂਮੀ ਸ੍ਰੀ ਅਨੰਦਪੁਰ ਸਾਹਿਬ ਵਿਖੇ 21, 22, 23 ਨਵੰਬਰ ਨੂੰ ਕਰਵਾਉਣ ਦਾ ਨਿਰਣਾ ਲਿਆ ਗਿਆ। ਐਜੂਕੇਸ਼ਨਲ ਕਮੇਟੀ ਦੇ ਆਨਰੇਰੀ ਸਕੱਤਰ ਡਾ. ਅਮਰਜੀਤ ਸਿੰਘ ਦੂਆ ਦੇ ਸੁਝਾਅ ਅਨੁਸਾਰ ਇਹ ਕਾਨਫ਼ਰੰਸ ਪੰਜਾਬੀ ਭਾਸ਼ਾ ਦੀ ਮਹਾਨਤਾ ਨੂੰ ਸਮਰਪਤ ਕਰਨ ਦਾ ਫੈਸਲਾ ਲਿਆ ਗਿਆ ਤਾਂ ਜੋ ਅਜੋਕੇ ਸੰਕਟ ਦੇ ਦੌਰ ਵਿਚੋਂ ਲੰਘ ਰਹੀ ਪੰਜਾਬੀ ਭਾਸ਼ਾ ਦੀ ਮਹਾਨਤਾ ਨੂੰ ਉਜਾਗਰ ਕਰਦਿਆਂ ਯੂਵਾ ਪੀੜ੍ਹੀ ਨੂੰ ਆਪਣੇ ਪੰਜਾਬੀ ਭਾਸ਼ਾ, ਵਿਰਸੇ, ਸੱਭਿਆਚਾਰ ਅਤੇ ਮੂਲ ਨਾਲ ਜੋੜਿਆ ਜਾ ਸਕੇ। ਇਸ ਮੌਕੇ ਪੰਜਾਬ ਵਿਚ ਕੇਂਦਰ ਸ਼ਾਸਤ ਸਰਕਾਰੀ ਅਦਾਰਿਆਂ ਵਿੱਚ ਪੰਜਾਬੀ ਭਾਸ਼ਾ ਨੂੰ ਅਣਡਿਠ ਕਰਨ ਸਬੰਧੀ ਰੋਸ ਪ੍ਰਗਟ ਕਰਦਿਆਂ ਮਤਾ ਪਾਸ ਕੀਤਾ ਗਿਆ ਅਤੇ ਪੰਜਾਬੀ ਭਾਸ਼ਾ ਦੀ ਦਫ਼ਤਰੀ ਭਾਸ਼ਾ ਵਜੋਂ ਮਾਨਤਾ ਬਰਕਰਾਰ ਰੱਖਣ ਦੀ ਲੋੜ 'ਤੇ ਜ਼ੋਰ ਦਿੱਤਾ ਗਿਆ। ਇਸ ਮੌਕੇ ਡਾ. ਦੂਆ ਨੇ ਤਿੰਨ ਦਿਨਾ ਵਿੱਦਿਅਕ ਕਾਨਫ਼ਰੰਸ ਦੇ ਪ੍ਰੋਗਰਾਮਾਂ ਅਤੇ ਪ੍ਰਬੰਧਾਂ ਬਾਬਤ ਵਿਸਥਾਰ ਪੂਰਵਕ ਵੇਰਵਾ ਦਿੱਤਾ ਜਿਸ ਤਹਿਤ ਸ੍ਰੀ ਅਖੰਡ ਪਾਠ ਦੀ ਆਰੰਭਤਾ ਤੋਂ ਲੈ ਕੇ ਨਗਰ ਕੀਰਤਨ, ਪ੍ਰਦਰਸ਼ਨੀਆਂ, ਕੀਰਤਨ ਦਰਬਾਰ, ਸੈਮੀਨਾਰ ਆਯੋਜਨ, ਲਾਈਟ ਐਂਡ ਸਾਊਂਡ ਪ੍ਰੋਗਰਾਮ ਅਤੇ ਕਾਨਫ਼ਰੰਸ ਦੀ ਸਮਾਪਤੀ ਸਬੰਧੀ ਵਿਚਾਰਾਂ ਕੀਤੀਆਂ ਗਈਆਂ। ਮੀਟਿੰਗ ਦੌਰਾਨ ਦੀਵਾਨ ਦੇ ਕਾਰਜਕਾਰੀ ਪ੍ਰਧਾਨ/ਮੀਤ ਪ੍ਰਧਾਨ ਜਗਜੀਤ ਸਿੰਘ, ਆਨਰੇਰੀ ਸਕੱਤਰ ਸਵਿੰਦਰ ਸਿੰਘ ਕੱਥੂਨੰਗਲ ਅਤੇ ਐਡੀਸ਼ਨਲ ਆਨਰੇਰੀ ਸਕੱਤਰ ਅਤੇ ਮੁੱਖ ਦਫ਼ਤਰ ਮੈਂਬਰ ਇੰਚਾਰਜ ਸੁਖਜਿੰਦਰ ਸਿੰਘ ਪ੍ਰਿੰਸ ਨੇ ਸਾਂਝੇ ਤੌਰ 'ਤੇ ਸਭ ਨੂੰ ਮਿਲ ਕੇ ਆਪਣੀ ਮਿਹਨਤ ਨਾਲ ਇਸ ਕਾਨਫ਼ਰੰਸ ਨੂੰ ਵਿਸ਼ਵ ਪੱਧਰ 'ਤੇ ਯਾਦਗਾਰੀ ਬਣਾਉਣ ਲਈ ਵਿਸ਼ੇਸ਼ ਯਤਨ ਕਰਨ ਦੀ ਲੋੜ ਤੇ ਜ਼ੋਰ ਦਿੱਤਾ । ਇਸ ਮੌਕੇ ਸਥਾਨਕ ਪ੍ਰਧਾਨ ਕੁਲਜੀਤ ਸਿੰਘ ਸਾਹਨੀ, ਐਡੀਸ਼ਨਲ ਆਨਰੇਰੀ ਸਕੱਤਰ ਜਸਪਾਲ ਸਿੰਘ ਢਿੱਲੋਂ, ਬੀਬੀ ਕਿਰਨਜੋਤ ਕੌਰ, ਗੁਰਪ੍ਰੀਤ ਸਿੰਘ ਸੇਠੀ, ਰਾਜਿੰਦਰ ਸਿੰਘ ਮਰਵਾਹਾ, ਪ੍ਰੋ: ਭੁਪਿੰਦਰ ਸਿੰਘ ਸੇਠੀ, ਰਾਬਿੰਦਰਬੀਰ ਸਿੰਘ ਭੱਲਾ, ਅਮਰਦੀਪ ਸਿੰਘ ਮਰਵਾਹਾ, ਸਰਜੋਤ ਸਿੰਘ ਸਾਹਨੀ ਅਤੇ ਚੀਫ਼ ਖਾਲਸਾ ਦੀਵਾਨ ਦੇ ਸਕੂਲਾਂ ਦੇ ਪ੍ਰਿੰਸੀਪਲ ਸਾਹਿਬਾਨ ਹਾਜ਼ਰ ਸਨ।

# ਵਿਰਕ ਵੱਲੋਂ ਅੰਮ੍ਰਿਤਸਰ ਫੋਟੋਗ੍ਰਾਫਰ ਐਸੋਸੀਏਸ਼ਨ ਦੇ ਅਹੁਦੇ ਤੋਂ ਅਸਤੀਫਾ



**ਤਰਸਿੱਕਾ (ਤਰਸੇਮ ਸਿੰਘ ਸਾਧਪੁਰ)**-ਸੁਰਿੰਦਰ ਸਿੰਘ ਵਿਰਕ ਨੇ ਫੋਟੋਗ੍ਰਾਫਰ ਆਫ ਅੰਮ੍ਰਿਤਸਰ ਐਸੋਸੀਏਸ਼ਨ ਵਿਚਲੇ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਹੈ ਅਤੇ ਨਾਲ ਹੀ ਆਪਣੇ ਫੋਟੋਗ੍ਰਾਫਰ ਸਾਥੀਆਂ ਨਾਲ ਰਲ ਕੇ ਯੂਨੀਅਨ ਪ੍ਰਧਾਨ ਦਾ ਬਾਈਕਾਟ ਕਰਨ ਦਾ ਐਲਾਨ ਕੀਤਾ ਹੈ। ਸੁਰਿੰਦਰ ਸਿੰਘ ਵਿਰਕ ਵੱਲੋਂ ਭੇਜੇ ਗਏ ਆਪਣੇ ਅਸਤੀਫੇ ਵਿੱਚ ਅਸਤੀਫੇ ਦਾ ਕਾਰਨ ਲਿਖਿਆ ਹੈ ਕਿ ਉਹ ਐਸੋਸੀਏਸ਼ਨ ਦਾ ਸਲਾਹਕਾਰ ਅਤੇ ਬਾਡੀ ਮੈਂਬਰ ਹੈ ਅਤੇ ਪਿਛਲੇ ਕੁਝ ਮਹੀਨਿਆਂ ਤੋਂ ਹੋ ਰਹੀਆਂ ਗਤੀਵਿਧੀਆਂ ਤੇ ਫੈਸਲਿਆਂ ਨਾਲ ਮੇਰੇ ਵਿਚਾਰ ਨਹੀਂ ਮਿਲ ਰਹੇ, ਇਸ ਲਈ ਮੈਂ ਆਪਣੇ ਅਹੁਦੇ ਤੋਂ ਅਸਤੀਫਾ ਦੇ ਰਿਹਾ ਹਾਂ । ਇੱਕ ਵੱਖਰੇ ਮਤੇ ਰਾਹੀਂ ਦਬੁਰਜੀ ਫੋਟੋਗ੍ਰਾਫਰ ਯੂਨੀਅਨ ਵੱਲੋਂ ਐਸੋਸੀਏਸ਼ਨ ਦੇ ਪ੍ਰਧਾਨ ਦਾ ਬਾਈਕਾਟ ਕਰਨ ਦਾ ਐਲਾਨ ਕੀਤਾ।

# ਮਨਜੀਤ ਸਿੰਘ ਜੀ ਕੇ ਸ੍ਰੀ ਅਕਾਲ ਤਖਤ ਸਾਹਿਬ ਨਤਮਸਤਕ ਹੋਣ ਲਈ ਪੁੱਜੇ



**ਅੰਮ੍ਰਿਤਸਰ (ਵਿਜੇ ਸ਼ਰਮਾ)**-ਦਿੱਲੀ ਕਮੇਟੀ ਦੇ ਸਾਬਕਾ ਪ੍ਰਧਾਨ ਅਤੇ ਅਕਾਲੀ ਦਲ ਕੋਰ ਕਮੇਟੀ ਦੇ ਮੈਂਬਰ ਮਨਜੀਤ ਸਿੰਘ ਜੀ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਥਾਪਨਾ ਦਿਵਸ ਮੌਕੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਅਕਾਲ ਤਖ਼ਤ ਸਾਹਿਬ ਮੱਥਾ ਟੇਕਣ ਪੁੱਜੇ। ਇਸ ਮੌਕੇ ਉਨ੍ਹਾਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨਾਲ ਪੰਥਕ ਮੁੱਦਿਆਂ 'ਤੇ ਗੱਲਬਾਤ ਕੀਤੀ। ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਮਨਜੀਤ ਸਿੰਘ ਜੀ ਕੇ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਥਾਪਨਾ ਦਿਵਸ ਮੌਕੇ ਸਮੂਹ ਸੰਗਤਾਂ ਨੂੰ ਵਧਾਈ ਦਿੰਦੇ ਹੋਏ ਕਿਹਾ ਸ੍ਰੀ ਅਕਾਲ ਤਖ਼ਤ ਸਾਹਿਬ ਕੋਈ ਇਮਾਰਤ ਨਹੀਂ ਹੈ, ਇਹ ਸਿੱਖਾਂ ਦਾ ਸਿਧਾਂਤ ਹੈ, ਸਿੱਖਾਂ ਦਾ ਸੰਕਲਪ ਹੈ, ਬੜਾ ਉੱਚਾ ਤੇ ਸੁੱਚਾ ਸੰਕਲਪ ਹੈ।ਅੱਜ ਹਰ ਸਿੱਖ ਨੂੰ ਇਸ ਸੰਕਲਪ ਨੂੰ ਜਾਣਨ ਦੀ ਲੋੜ ਹੈ।ਉਨ੍ਹਾਂ ਕਿਹਾ ਕਿ ਜਿੰਨਾ ਚਿਰ ਅਸੀਂ ਸਿੱਖ ਸੰਕਲਪ ਨੂੰ ਨਹੀਂ ਸਮਝਦੇ, ਸਿੱਖ ਸਿਧਾਂਤਾਂ ਨੂੰ ਨਹੀਂ ਸਮਝਦੇ, ਸਿੰਘ ਪਰੰਪਰਾਵਾਂ, ਸਿੱਖ ਮਰਿਆਦਾ ਨੂੰ ਨਹੀਂ ਜਾਣਦੇ, ਅਸੀਂ ਸਿੱਖ ਧਰਮ ਨੂੰ ਬਿਲਕੁਲ ਹੀ ਸਮਝ ਸਕਦੇ ।ਉਨ੍ਹਾਂ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਇਤਿਹਾਸ ਜ਼ਰੂਰ ਪੜ੍ਹੋ।ਅੱਜ ਸਮਾਂ ਮੰਗ ਕਰਦਾ ਹੈ ਕਿ ਅਸੀਂ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਪ੍ਰਸਤੀ ਹੇਠ ਸਾਰੇ ਇਕਜੁੱਟ ਹੋ ਕੇ ਵਿਚਰੀਏ। ਫਿਰ ਅਸੀਂ ਧਾਰਮਿਕ ਤੇ ਰਾਜਨੀਤਿਕ ਤੌਰ ਉਤੇ ਮਜ਼ਬੂਤ ਹੋਵਾਂਗੇ, ਸਮਾਜਿਕ ਅਤੇ ਆਰਥਿਕ ਤੌਰ ਉਤੇ ਮਜ਼ਬੂਤ ਹੋਵਾਂਗੇ।ਦੁਨੀਆ ਭਰ ਵਿਚ ਵਸਦੇ ਸਿੱਖ ਭਾਈਚਾਰੇ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਮਰਪਤ ਹੋ ਕੇ ਇਕ ਨਿਸ਼ਾਨ ਥੱਲੇ ਅਸੀਂ ਸਾਰੇ ਇਕੱਠੇ ਹੋ ਕੇ ਚੱਲਾਂਗੇ ਤਾਂ ਹੀ ਮੰਜ਼ਿਲਾਂ ਤੈਅ ਹੋਣਗੀਆਂ।

# ਪੰਚਾਇਤੀ ਜ਼ਮੀਨ ਦੇ ਪਲਾਟਾਂ 'ਚੋਂ ਨੌਜਵਾਨ ਦੀ ਲਾਸ਼ ਮਿਲੀ



**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**-ਇਥੋਂ ਨਜ਼ਦੀਕ ਪਿੰਡ ਖੁੰਡਾ ਦੇ ਬਾਹਰਵਾਰ ਪੰਚਾਇਤ ਜ਼ਮੀਨ ਵਿੱਚ ਕਲੋਨੀ ਦੇ ਪਲਾਟਾਂ ਵਿੱਚੋਂ ਇਕ 23 ਸਾਲਾ ਨੌਜਵਾਨ ਦੀ ਸ਼ੱਕੀ ਹਾਲਾਤ ਵਿੱਚ ਲਾਸ਼ ਮਿਲੀ ਹੈ। ਮ੍ਰਿਤਕ ਦੀ ਸ਼ਨਾਖਤ ਗੁਰਪ੍ਰੀਤ ਸਿੰਘ ਉਰਫ ਢੋਲੀ ਪੁੱਤਰ ਨਿਸ਼ਾਨ ਸਿੰਘ ਵਾਸੀ ਪਿੰਡ ਖੁੰਡਾ ਵਜ੍ਹੋਂ ਹੋਈ। ਇਸ ਸਬੰਧੀ ਸੂਚਨਾ ਮਿਲਦੇ ਸਾਰ ਹੀ ਡੀਐੱਸਪੀ ਰਾਜਬੀਰ ਸਿੰਘ ਅਤੇ ਥਾਣਾ ਧਾਰੀਵਾਲ ਦੇ ਐੱਸਐੱਚਓ ਇੰਸਪੈਕਟਰ ਦਵਿੰਦਰ ਪ੍ਰਕਾਸ਼ ਨੇ ਪੁਲਸ ਪਾਰਟੀ ਸਮੇਤ ਮੌਕੇ 'ਤੇ ਪਹੁੰਚ ਕੇ ਲਾਸ਼ ਨੂੰ ਕਬਜ਼ੇ ਵਿੱਚ ਲੈ ਕੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਮ੍ਰਿਤਕ ਦੇ ਪਿਤਾ ਨਿਸ਼ਾਨ ਸਿੰਘ ਨੇ ਪੁਲਸ ਨੂੰ ਦੱਸਿਆ ਕਿ ਉਸਦਾ ਲੜਕਾ ਗੁਰਪ੍ਰੀਤ ਸਿੰਘ ਜੋ ਕਿ ਹਿਮਾਚਲ ਵਿੱਚ ਜੇ. ਸੀ. ਬੀ. ਮਸ਼ੀਨ ਚਲਾਉਂਦਾ ਸੀ ਅਤੇ ਹੁਣ ਉਹ ਕੁੱਝ ਦਿਨਾਂ ਤੋਂ ਪਿੰਡ ਆਇਆ ਹੋਇਆ ਸੀ। ਲੰਘੇ ਸੋਮਵਾਰ ਸ਼ਾਮ ਗੁਰਪ੍ਰੀਤ ਸਿੰਘ ਨੂੰ ਸਾਡੇ ਪਿੰਡ ਦਾ ਹੀ ਨੌਜਵਾਨ ਲੜਕਾ ਰਮਨ ਪੁੱਤਰ ਮਨਜੀਤ ਸਿੰਘ ਆਪਣੇ ਨਾਲ ਲੈ ਕੇ ਗਿਆ ਸੀ, ਜਿਸ ਤੋਂ ਬਾਅਦ ਉਹ ਘਰ ਵਾਪਿਸ ਨਹੀਂ ਆਇਆ ਜਿਸਦੀ ਦੀ ਹੁਣ ਲਾਸ਼ ਪਿੰਡ ਦੇ ਬਾਹਰਵਾਰ ਪੰਚਾਇਤੀ ਜ਼ਮੀਨ ਵਿੱਚ ਕੱਟੀ ਕਲੋਨੀ ਦੇ ਪਲਾਟਾਂ ਵਿੱਚ ਮਿਲੀ ਹੈ। ਮ੍ਰਿਤਕ ਦੇ ਪਿਤਾ ਨਿਸ਼ਾਨ ਸਿੰਘ ਨੇ ਪੁਲਸ ਨੂੰ ਦੱਸਿਆ ਕਿ ਮੈਨੂੰ ਪੂਰਾ ਯਕੀਨ ਹੈ ਕਿ ਰਮਨ ਨੇ ਹੀ ਮੇਰੇ ਲੜਕੇ ਦੀ ਹੱਤਿਆ ਕਰਕੇ ਉਸਦੀ ਲਾਸ਼ ਨੂੰ ਪੰਚਾਇਤੀ ਕਲੋਨੀ ਦੇ ਪਲਾਟਾਂ ਵਿੱਚ ਸੁੱਟਿਆ ਹੈ। ਥਾਣਾ ਧਾਰੀਵਾਲ ਦੇ ਐੱਸਐੱਚਓ ਇੰਸਪੈਕਟਰ ਦਵਿੰਦਰ ਪ੍ਰਕਾਸ਼ ਨੇ ਦੱਸਿਆ ਕਿ ਮ੍ਰਿਤਕ ਦੇ ਪਿਤਾ ਨਿਸ਼ਾਨ ਸਿੰਘ ਦੇ ਬਿਆਨਾਂ ਦੇ ਅਧਾਰ ਤੇ ਰਮਨ ਪੁੱਤਰ ਮਨਜੀਤ ਸਿੰਘ ਵਾਸੀ ਖੁੰਡਾ ਵਿਰੁੱਧ ਧਾਰਾ 302 ਤਹਿਤ ਕੇਸ ਦਰਜ ਕਰਕੇ ਉਸਨੂੰ ਗ੍ਰਿਫਤਾਰ ਕਰਨ ਲਈ ਛਾਪੇਮਾਰੀ ਕੀਤੀ ਜਾ ਰਹੀ ਹੈ ਅਤੇ ਲਾਸ਼ ਦਾ ਸਿਵਲ ਹਸਪਤਾਲ ਗੁਰਦਾਸਪੁਰ ਤੋਂ ਪੋਸਟਮਾਰਟਮ ਕਰਵਾ ਕੇ ਲਾਸ਼ ਵਾਰਸਾਂ ਨੂੰ ਸੌਂਪ ਦਿੱਤੀ ਹੈ।

# ਹੱਕੀ ਮੰਗਾਂ ਪ੍ਰਵਾਨ ਨਾ ਕੀਤੀਆਂ ਤਾਂ ਸੰਘਰਸ਼ ਨੂੰ ਹੋਰ ਵੀ ਤਿੱਖਾ ਕੀਤਾ ਜਾਵੇਗਾ : ਸੀਮਾ ਸੋਹਲ



**ਸਰਾਏ ਅਮਾਨਤ ਖਾਂ, ਝਬਾਲ (ਮੱਖਣ ਮਨੋਜ)**-ਆਸ਼ਾ ਵਰਕਰਜ਼ ਤੇ ਫੈਸਿਲੀਟੇਟਰਜ਼ ਸਾਂਝਾ ਮੋਰਚਾ ਪੰਜਾਬ ਵੱਲੋਂ ਸੱਤ ਦਿਨ ਤੱਕ ਲਗਾਤਾਰ ਹੜਤਾਲ ਦਾ ਸੱਦਾ ਦਿੱਤਾ ਹੋਇਆ ਹੈ ।ਆਸ਼ਾ ਵਰਕਰਾਂ ਵੱਲੋਂ ਵਿੱਢਿਆ ਸੰਘਰਸ਼ ਛੇਵੇਂ ਦਿਨ ਵਿਚ ਸ਼ਾਮਲ ਹੋ ਗਿਆ। ਸਰਕਾਰੀ ਹਸਪਤਾਲ ਝਬਾਲ ਵਿਖੇ ਇਕੱਤਰਤ ਹੋਈਆਂ ਵੱਡੀ ਗਿਣਤੀ ਵਿੱਚ ਆਸ਼ਾ ਵਰਕਰਾਂ ਨੇ ਸੂਬਾ ਸੱਕਤਰ ਸੀਮਾ ਸੋਹਲ ਦੀ ਅਗਵਾਈ ਹੇਠ ਪੰਜਾਬ ਸਰਕਾਰ ਖਿਲਾਫ ਤਿੱਖੀ ਨਾਅਰੇਬਾਜ਼ੀ ਕੀਤੀ ਅਤੇ ਪੰਜਾਬ ਸਰਕਾਰ ਨੂੰ ਚੇਤਾਵਨੀ ਦਿੱਤੀ ਕਿ ਜੇਕਰ ਉਨ੍ਹਾਂ ਦੀਆ ਹੱਕੀ ਮੰਗਾਂ ਨੂੰ ਜਲਦ ਪ੍ਰਵਾਨ ਨਾ ਕੀਤਾ ਗਿਆ ਤਾਂ ਇਹ ਸੰਘਰਸ਼ ਨੂੰ ਹੋਰ ਵੀ ਤਿੱਖਾ ਕੀਤਾ ਜਾਵੇਗਾ। ਆਸ਼ਾ ਵਰਕਰਾਂ ਅਤੇ ਫੈਸਿਲੀਟੇਟਰਾਂ ਦੁਆਰਾ 21 ਜੂਨ ਤੋਂ ਕੀਤੀ ਗਈ ਸੂਬੇ ਭਰ ਅੰਦਰ ਕਲਮ ਛੋੜੋ ਹੜਤਾਲ ਕਾਰਨ ਜਿੱਥੇ ਪਿੰਡਾਂ ਦੀਆ ਗਰਭਪਤੀ ਔਰਤਾਂ ਨੂੰ ਭਾਰੀ ਖੱਜਲ ਖਾਰੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਉੱਥੇ ਬੱਚਿਆਂ ਦੇ ਟੀਕੇ ਲਗਾਉਣਾ ਅਤੇ ਬੂੰਦਾਂ ਪਲਾਉਣ ਤੋਂ ਇਲਾਵਾ ਹੋਰ ਵੀ ਕਈ ਤਰ੍ਹਾਂ ਦੇ ਸਰਕਾਰੀ ਕੰਮਕਾਜ ਬੁਰੀ ਤਰ੍ਹਾ ਪ੍ਰਭਾਵਿਤ ਹੋ ਰਹੇ ਹਨ ਪਰ ਸਰਕਾਰ ਦੇ ਕੰਨਾਂ ਤੱਕ ਅਜੇ ਵੀ ਆਵਾਜ਼ ਨਹੀਂ ਸੁਣਦੀ ਦਿਖਾਈ ਦੇ ਰਹੀ। ਇਸ ਮੌਕੇ ਆਸ਼ਾ ਵਰਕਰ ਮਨਦੀਪ ਕੌਰ ਫੈਸਿਲੀਟੇਟਰ ਝਬਾਲ, ਗੁਰਵੰਤ ਕੌਰ, ਪ੍ਰਭਜੀਤ ਕੌਰ ਨੀਲੂ, ਅਮਰਜੀਤ ਕੌਰ ਮੰਨਣ, ਸਤਪਾਲ ਕੋਟ, ਪਰਮਜੀਤ ਮਾਲੂਵਾਲ, ਰਾਜਰਾਣੀ ਪੰਜਵੜ, ਪ੍ਰਸੰਨ ਕੌਰ, ਬਲਵਿੰਦਰ ਕੌਰ, ਕਵਲਜੀਤ ਠਰੂ, ਰਾਜਰਾਣੀ ਪੱਧਰੀ, ਫੈਸਿਲੀਟੇਟਰ ਸਰਨਜੀਤ ਕੌਰ, ਪ੍ਰਸਿੰਨ ਕੌਰ, ਨਰਿੰਦਰ ਕੌਰ ਆਦਿ ਹਾਜ਼ਰ ਸਨ।

# 'ਹੁਣ' ਦਾ 49ਵਾਂ ਅੰਕ ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਦੀ ਲਾਇਬਰੇਰੀ ਲਈ ਭੇਟ



**ਬਾਬਾ ਬਕਾਲਾ ਸਾਹਿਬ (ਜਸਪਾਲ ਸਿੰਘ)**-ਕੇਂਦਰੀ ਪੰਜਾਬੀ ਲੇਖਕ ਸਭਾ ਦੇ ਜਨਰਲ ਸਕੱਤਰ ਅਤੇ ਨਾਮਵਰ ਸ਼ਾਇਰ ਸੁਸ਼ੀਲ ਦੁਸਾਂਝ ਨੇ ਪੰਜਾਬੀ ਸਾਹਿਤ ਅਤੇ ਸੱਭਿਆਚਾਰ ਦਾ ਪ੍ਰਤੀਨਿਧ ਮੈਗਜ਼ੀਨ 'ਹੁਣ' ਦਾ 49ਵਾਂ ਅੰਕ ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਸਾਹਿਬ ਵੱਲੋਂ ਸਥਾਪਿਤ ਪ੍ਰਿਥੀਪਾਲ ਸਿੰਘ ਅਠੌਲਾ ਯਾਦਗਾਰੀ ਲਾਇਬਰੇਰੀ, ਬਾਬਾ ਬਕਾਲਾ ਸਾਹਿਬ ਲਈ ਭੇਟ ਕੀਤਾ। ਇਸ ਮੌਕੇ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਮੀਤ ਪ੍ਰਧਾਨ ਅਤੇ ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਸਾਹਿਬ ਦੇ ਮੁੱਖ ਸੰਚਾਲਕ ਸ਼ੇਲਿੰਦਰਜੀਤ ਸਿੰਘ ਰਾਜਨ ਨੇ ਸੁਸ਼ੀਲ ਦੁਸਾਂਝ ਨੂੰ ਜੀ ਆਇਆਂ ਕਿਹਾ ਅਤੇ ਸਭਾ ਵੱਲੋਂ ਸੰਪਾਦਿਤ 12ਵਾਂ ਸਾਂਝਾ ਕਾਵਿ ਸੰਗ੍ਰਹਿ 'ਕਾਵਿ ਸੁਨੇਹੇ' ਉਨ੍ਹਾਂ ਨੂੰ ਭੇਟ ਕੀਤਾ ।ਸੁਸ਼ੀਲ ਦੁਸਾਂਝ ਨੇ ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਸਾਹਿਬ ਵੱਲੋਂ ਨਿਰੰਤਰ ਨਿਭਾਈਆਂ ਜਾ ਰਹੀਆਂ ਸਗਰਮੀਆਂ ਦੀ ਸ਼ਲਾਘਾ ਕੀਤੀ। ਉਨ੍ਹਾਂ ਦੱਸਿਆ ਕਿ ਹੁਣ ਦੇ 49ਵੇਂ ਅੰਕ ਵਿੱਚ ਮਰਹੂਮ ਸ਼ਾਇਰ ਪਦਮਸ੍ਰੀ ਡਾ. ਸੁਰਜੀਤ ਪਾਤਰ ਹੋਰਾਂ ਦਾ ਬਹੁਤ ਹੀ ਭਾਵਪੂਰਤ ਲੇਖ ਮੈਂ ਸੁਰਜੀਤ ਪਾਤਰ ਬੋਲਦਾਂ ਸਮੇਤ ਬਹੁਤ ਹੀ ਸਾਹਿਤਕ ਮਸਾਲਾ ਪੜ੍ਹਨਯੋਗ ਹੈ ।

ਸ਼ੇਲਿੰਦਰਜੀਤ ਸਿੰਘ ਰਾਜਨ ਨੇ ਕਿਹਾ ਕਿ ਅਜੋਕੀ ਨੌਜਵਾਨ ਪੀੜ੍ਹੀ ਅੰਦਰ ਸੋਸ਼ਲ ਮੀਡੀਆ ਰਾਹੀਂ ਪਨਪੀ ਗੈਰ ਵਿਵਹਾਰਿਕ ਸਾਂਝ ਨੂੰ ਠੱਲ੍ਹ ਪਾਉਣ ਲਈ ਹੁਣ ਵਰਗੇ ਸਾਹਿਤਕ ਰਸਾਲੇ ਹੀ ਉੱਤਮ ਜ਼ਰੀਆ ਹਨ। ਇਸ ਮੌਕੇ ਹੋਰਨਾਂ ਤੋਂ ਇਲਾਵਾ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਕਾਰਜਕਾਰਨੀ ਮੈਂਬਰ ਮਾ: ਮਨਜੀਤ ਸਿੰਘ ਵੱਸੀ, ਬਲਵਿੰਦਰ ਸਿੰਘ ਅਠੌਲਾ, ਸਰਬਜੀਤ ਸਿੰਘ ਪੱਡਾ, ਅਮਨਦੀਪ ਸਿੰਘ ਸਿੱਧੂ, ਸੁਖਦੇਵ ਸਿੰਘ ਭੁੱਲਰ ਸਾ: ਮੈਨੇਜਰ ਪੰਜਾਬ ਸਕੂਲ ਸਿੱਖਿਆ ਬੋਰਡ, ਨਵਦੀਪ ਸਿੰਘ ਬਦੇਸ਼ਾ, ਅਮਰਜੀਤ ਸਿੰਘ ਘੁੱਕ, ਡਾ. ਕੁਲਵੰਤ ਸਿੰਘ ਬਾਠ, ਅਮਰਜੀਤ ਸਿੰਘ ਰਤਨਗੜ੍ਹ, ਸੁਖਵੰਤ ਕੌਰ ਵੱਸੀ, ਅਮਨਦੀਪ ਢਿੱਲੋਂ ਕਸੇਲ ਅਤੇ ਹੋਰ ਹਾਜ਼ਰ ਸਨ ।

# ਪਸ਼ਚਾਤਾਪ ਵਜੋਂ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ



**ਸਰਾਏ ਅਮਾਨਤ ਖਾਂ (ਮੱਖਣ ਮਨੋਜ)**-ਜਿੱਥੇ ਗੁਰਦੁਆਰਾ ਬੀੜ ਬਾਬਾ ਬੁੱਢਾ ਸਾਹਿਬ ਜੀ ਵਿਖੇ ਜੋ ਪਿਛਲੇ ਦਿਨੀਂ ਨਿੱਤਨੇਮ ਦੇ ਗੁਟਕਾ ਸਾਹਿਬ ਦੇ ਅੰਗਾਂ ਦੀ ਨਿਰਾਦਰੀ ਕਰਨ ਵਾਲੇ ਦੋਸ਼ੀ ਨੂੰ ਗੁਰਦੁਆਰਾ ਸਾਹਿਬ ਦੇ ਸੇਵਾਦਾਰਾਂ ਵੱਲੋਂ ਮੌਕੇ 'ਤੇ ਫੜਿਆ ਗਿਆ ਅਤੇ ਪ੍ਰਸ਼ਾਸਨ ਵੱਲੋਂ ਇਸ ਘਟਨਾ ਦੀ ਜਾਂਚ ਕੀਤੀ ਜਾ ਰਹੀ ਹੈ, ਉੱਥੇ ਗੁਟਕਾ ਸਾਹਿਬ ਦੇ ਅੰਗਾਂ ਦੀ ਹੋਈ ਨਿਰਾਦਰੀ ਕਾਰਨ ਹੋਏ ਅਫਸੋਸਜਨਕ ਦੁੱਖ ਨੂੰ ਮਹਿਸੂਸ ਕਰਦਿਆਂ ਹੋਇਆਂ ਗੁਰਦੁਆਰਾ ਬੀੜ ਬਾਬਾ ਬੁੱਢਾ ਸਾਹਿਬ ਦੇ ਸਮੂਹ ਸਟਾਫ ਵੱਲੋਂ ਪਛਚਾਤਾਪ ਵਜੋਂ ਮੀਰੀ ਪੀਰੀ ਹਾਲ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ, ਉਪਰੰਤ ਗੁਰਬਾਣੀ ਦਾ ਕੀਰਤਨ ਹੋਇਆ ।ਹੈੱਡ ਗ੍ਰੰਥੀ ਗਿਆਨੀ ਸਿੰਘ ਗੰਡੀਵਿੰਡ ਨੇ ਗੁਰੂ ਚਰਨਾਂ ਵਿਚ ਖਿਮਾ ਜਾਚਨਾ ਦੀ ਅਰਦਾਸ ਕੀਤੀ। ਇਸ ਸਮੇਂ ਗੁਰਦੁਆਰਾ ਸਾਹਿਬ ਦੇ ਮੈਨੇਜਰ ਸਰਬਦਿਆਲ ਸਿੰਘ, ਸਤਨਾਮ ਸਿੰਘ ਮੇਨੇਜਰ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ, ਭਾਈ ਰਣਧੀਰ ਸਿੰਘ ਝਬਾਲ, ਨਿਰਮਲ ਸਿੰਘ ਇੰਚਾਰਜ ਅਖੰਡਪਾਠੀਆਂ ਭਾਈ ਨਿਰਮਲ ਸਿੰਘ ਨਾਰਲੀ, ਭਾਈ ਰੇਸ਼ਮ ਸਿੰਘ ਐਮਾਂ, ਗੁਰਜੀਤ ਸਿੰਘ ਪੰਜਵੜ੍ਹ, ਭਾਈ ਬਿਕਰਮਜੀਤ ਸਿੰਘ ਸੁਰਸਿੰਘ ਤੇ ਜਸਪਾਲ ਸਿੰਘ ਆਦਿ ਹਾਜ਼ਰ ਸਨ।

# ਠੱਠੀਆਂ 'ਚ ਬਾਬਾ ਤੇਲੀਏ ਸ਼ਾਹ ਦਾ ਮੇਲਾ ਸ਼ਰਧਾ ਨਾਲ ਮਨਾਇਆ



**ਬਾਬਾ ਬਕਾਲਾ ਸਾਹਿਬ, (ਜਸਪਾਲ ਸਿੰਘ)**- ਸਬ ਡਵੀਜ਼ਨ ਬਾਬਾ ਬਕਾਲਾ ਸਾਹਿਬ ਦੇ ਗੁਆਂਢੀ ਪਿੰਡ ਠੱਠੀਆਂ ਵਿਖੇ ਬਾਬਾ ਤੇਲੀਏ ਸ਼ਾਹ ਦਾ 30ਵਾਂ ਸਾਲਾਨਾ ਜੋੜ ਮੇਲਾ ਬਾਬਾ ਬਲਵਿੰਦਰ ਸਿੰਘ ਨਾਹਰ ਦੀ ਅਗਵਾਈ ਹੇਠ ਸ਼ਰਧਾ ਨਾਲ ਮਨਾਇਆ ਗਿਆ। ਇਸ ਮੌਕੇ ਭਗਤ ਜਨਾਂ ਨੇ ਕੱਵਾਲੀਆਂ ਪੇਸ਼ ਕੀਤੀਆਂ, ਲੰਗਰ ਭੰਡਾਰੇ ਅਤੁੱਟ ਵਰਤਾਏ ਗਏ। ਇਸ ਮੌਕੇ ਲਖਵਿੰਦਰ ਸਿੰਘ, ਕਾਲਾ ਸਿੰਘ ਸੈਕਟਰੀ, ਬਲਜਿੰਦਰ ਸਿੰਘ, ਪ੍ਰਹਿਲਾਦ ਸਿੰਘ, ਪ੍ਰਤਾਪ ਸਿੰਘ, ਹਰਮਨ ਸਿੰਘ, ਯਾਦਵਿੰਦਰ ਸਿੰਘ ਸੇਠੀ, ਭਿੰਦਾ, ਸੁਖਵਿੰਦਰ ਸਿੰਘ, ਪ੍ਰਿੰਸ ਸਠਿਆਲਾ, ਲਵਪ੍ਰੀਤ ਸਿੰਘ ਸੋਨੂੰ ਢੋਲੀ ਆਦਿ ਨੇ ਵਧ ਚੜ੍ਹ ਕੇ ਸੇਵਾ ਕੀਤੀ। ਮੁੱਖ ਸੇਵਾਦਾਰ ਬਾਬਾ ਬਲਵਿੰਦਰ ਸਿੰਘ ਨਾਹਰ ਨੇ ਆਈਆਂ ਪ੍ਰਮੁੱਖ ਸ਼ਖ਼ਸੀਅਤਾਂ ਦਾ ਸਨਮਾਨ ਕੀਤਾ ।

# ਸ੍ਰੀ ਗੁਰੂ ਅਰਜਨ ਦੇਵ ਜੀ ਲੰਗਰ ਹਾਲ ਸੁਰਸਿੰਘ ਵਿਖੇ ਲੈਂਟਰ ਪਾਏ



**ਝਬਾਲ (ਹਰਜਿੰਦਰ ਸਿੰਘ ਸੋਨੀ)**-ਪੰਜਵੇਂ ਪਾਤਸਾਹ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਲੰਗਰ ਹਾਲ ਸੁਰਸਿੰਘ ਵਿਖੇ ਕਾਰ ਸੇਵਾ ਸੰਪ੍ਰਦਾਇ ਦਲ ਬਾਬਾ ਬਿਧੀ ਚੰਦ ਅਤੇ ਸੰਗਤਾਂ ਵੱਲੋਂ ਤੀਸਰੇ ਹਿੱਸੇ ਦੇ ਲੈਂਟਰ ਪਾਏ ਗਏ।ਛੇਵੇਂ ਪਾਤਸਾਹ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਿੰਘ ਜੀ ਦੇ ਦਰੋਂ ਘਰੋਂ ਵਰਸੋਏ ਮਹਾਨ ਸੂਰਬੀਰ ਯੋਧੇ ਬਾਬਾ ਬਿਧੀ ਚੰਦ ਦੇ ਅੰਸਬੰਸ ਜਥੇਦਾਰ ਬਾਬਾ ਅਵਤਾਰ ਸਿੰਘ ਸੁਰਸਿੰਘ ਵਾਲੇ ਮੌਜੂਦਾ ਮੁਖੀ ਕਾਰ ਸੇਵਾ ਸੰਪ੍ਰਦਾਇ ਦਲ ਬਾਬਾ ਬਿਧੀ ਚੰਦ ਹੈਡ ਕੁਆਟਰ ਨਿਹੰਗ ਸਿੰਘਾ ਛਾਉਣੀ ਸੁਰਸਿੰਘ ਵੱਲੋਂ ਅਰਦਾਸ ਕਰਕੇ ਆਪਣੇ ਸਿਰ ਤੇ ਰੇਤ, ਬੱਜਰੀ ਤੇ ਸੀਮਿੰਟ ਦਾ ਟੋਕਰਾ ਚੁੱਕ ਕੇ ਲੈਂਟਰ ਪਾਉਣ ਦੀ ਅਰੰਭਤਾ ਕੀਤੀ ਗਈ।

ਇਸ ਮੌਕੇ ਉਨ੍ਹਾਂ ਨਾਲ ਬਾਬਾ ਗੁਰਦੇਵ ਸਿੰਘ ਸਹੀਦੀ ਬਾਗ ਵਾਲੇ, ਬਾਬਾ ਪ੍ਰੇਮ ਸਿੰਘ ਸੁਰਸਿੰਘ, ਬਾਬਾ ਚਰਨਜੀਤ ਸਿੰਘ ਸੁਰਸਿੰਘ, ਬਾਬਾ ਸਤਨਾਮ ਸਿੰਘ ਸੁਰਸਿੰਘ, ਬਾਬਾ ਗੁਰਦੇਵ ਸਿੰਘ ਸੋਨਾ ਆਦਿ ਵੱਲੋਂ ਵੀ ਸੇਵਾ ਦੀ ਸ਼ੁਰੂਆਤ ਕਰਾਉਣ ਲਈ ਸੇਵਾ ਕੀਤੀ ਗਈ ਜਦਕਿ ਇਲਾਕੇ ਭਰ 'ਚ ਸੇਵਾ ਕਰਨ ਪੁੱਜੀਆਂ ਸੰਗਤਾਂ ਲਈ ਠੰਡੇ=ਮਿੱਠੇ ਜਲ, ਫਲ ਫਰੂਟ, ਠੰਡੀ ਸ਼ਰਦਾਈ ਅਤੇ ਗੁਰੂ ਦੇ ਅਤੁੱਟ ਲੰਗਰ ਵਰਤਾਏ ਗਏ

।ਇਸ ਸਮੇ ਸੰਪ੍ਰਦਾਇ ਦੇ ਸਮੂੰਹ ਸੇਵਾਦਾਰ ਤੇ ਵੱਡੀ ਗਿਣਤੀ 'ਚ ਸੰਗਤਾਂ ਵੀ ਮੌਜੂਦ ਸਨ ।

# ਕੇਂਦਰੀ ਜੇਲ੍ਹ ਅੰਦਰੋਂ 75 ਨਸ਼ੀਲੀਆਂ ਗੋਲੀਆਂ ਬਰਾਮਦ, ਮਾਮਲਾ ਦਰਜ

**ਗੁਰਦਾਸਪੁਰ, (ਜਨਕ ਮਹਾਜਨ)**-ਕੇਂਦਰੀ ਜੇਲ ਗੁਰਦਾਸਪੁਰ 'ਚ ਬੰਦ ਕੈਦੀ ਖਿਲਾਫ਼ ਨਸ਼ੀਲੀਆਂ ਗੋਲੀਆਂ ਮਿਲਣ 'ਤੇ ਮਾਮਲਾ ਦਰਜ ਕੀਤਾ ਗਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਮੰਗਲ ਸਿੰਘ ਸਹਾਇਕ ਸੁਪਰਡੈਂਟ ਕੇਂਦਰੀ ਜੇਲ੍ਹ ਗੁਰਦਾਸਪੁਰ ਨੇ ਪੱਤਰ ਨੰਬਰ 4555 ਮਿਤੀ 25 ਜੂਨ ਥਾਣਾ ਸਿਟੀ ਗੁਰਦਾਸਪੁਰ ਵਿਖੇ ਆਪਣੇ ਬਿਆਨਾਂ ਵਿਚ ਕਿਹਾ ਕਿ ਕੇਂਦਰੀ ਜੇਲ੍ਹ ਗੁਰਦਾਸਪੁਰ ਵਿੱਚ ਧਾਰਮਿਕ ਸਥਾਨਾਂ ਦੀ ਤਲਾਸ਼ੀ ਦੌਰਾਨ ਮੰਦਰ ਦੀ ਅਲਮਾਰੀ ਹੇਠਾਂ ਪਈ ਫਟੀ ਦੇ ਥੱਲਿਓਂ ਇੱਕ ਚਿੱਟੇ ਰੰਗ ਦੇ ਮੋਮੀ ਲਿਫਾਫੇ ਵਿੱਚੋਂ 75 ਨਸ਼ੀਲੀਆਂ ਗੋਲੀਆਂ ਬਰਾਮਦ ਹੋਈਆਂ ਹਨ। ਏ.ਐਸ.ਆਈ. ਜਗਜੀਤ ਸਿੰਘ ਨੇ ਦੋਸ਼ੀ ਨੀਤੀਸ਼ ਕੁਮਾਰ ਪੁੱਤਰ ਅਮਿਤ ਕੁਮਾਰ ਵਾਸੀ ਇਸਲਾਮਾਬਾਦ ਅੰਮ੍ਰਿਤਸਰ ਦੇ ਖਿਲਾਫ ਐਨ.ਡੀ.ਪੀ.ਐਸ. ਐਕਟ ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਹੈ

# ਨਸ਼ਿਆਂ ਨੂੰ ਮੁਕੰਮਲ ਤੌਰ 'ਤੇ ਠੱਲ੍ਹ ਪਾਉਣ ਲਈ ਹਰ ਜ਼ਿਲ੍ਹਾ ਵਾਸੀ ਸਹਿਯੋਗ ਦੇਵੇ : ਡਿਪਟੀ ਕਮਿਸ਼ਨਰ

**ਅੰਮ੍ਰਿਤਸਰ (ਨਰਿੰਦਰਜੀਤ ਸਿੰਘ)**-ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸੂਬੇ ਨੂੰ ਨਸ਼ਿਆਂ ਤੋਂ ਮੁਕੰਮਲ ਤੌਰ 'ਤੇ ਮੁਕਤ ਕਰਨ ਲਈ ਪੰਜਾਬ ਪੁਲਸ ਅਤੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਹਰ ਸੰਭਵ ਕੋਸ਼ਿਸ਼ ਕੀਤੀ ਜਾ ਰਹੀ ਹੈ, ਪਰ ਨਸ਼ੇ ਨੂੰ ਮੁਕੰਮਲ ਤੌਰ ਉਤੇ ਠੱਲ੍ਹ ਪਾਉਣ ਲਈ ਹਰ ਜ਼ਿਲ੍ਹਾ ਵਾਸੀ ਦੇ ਸਾਥ ਦੀ ਲੋੜ ਹੈ।ਡੀਸੀ ਘਨਸ਼ਾਮ ਥੋਰੀ ਨੇ ਨਸ਼ਿਆਂ ਦੀ ਮੌਜੂਦਾ ਸਥਿਤੀ ਬਾਬਤ ਸਿਵਲ, ਪੁਲਸ, ਬੀ ਐੱਸ ਐੱਫ ਅਤੇ ਹੋਰ ਕੇਂਦਰੀ ਏਜੰਸੀਆਂ ਦੇ ਅਧਿਕਾਰੀਆਂ ਨਾਲ ਮੀਟਿੰਗ ਕਰਦੇ ਕਿਹਾ ਕਿ ਨਸ਼ਿਆਂ ਖਿਲਾਫ ਲੜਾਈ ਵਿੱਚ ਸਮੂਹ ਨਾਗਰਿਕਾਂ ਦੇ ਸਰਗਰਮ ਸਹਿਯੋਗ ਦੀ ਲੋੜ ਹੈ।ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਪੁਲਸ ਕਮਿਸ਼ਨਰ ਰਣਜੀਤ ਸਿੰਘ ਢਿੱਲੋਂ ਅਤੇ ਹੋਰ ਅਧਿਕਾਰੀਆਂ ਦੀ ਮੌਜੂਦਗੀ ਵਿਚ ਕੀਤੀ ਤਾਲਮੇਲ ਕਮੇਟੀ ਦੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਡਿਪਟੀ ਕਮਿਸ਼ਨਰ ਥੋਰੀ ਨੇ ਕਿਹਾ ਕਿ ਸਮਾਜ ਵਿੱਚੋਂ ਨਸ਼ਿਆਂ ਦੇ ਖਾਤਮੇ ਲਈ ਇਕ ਅੰਦੋਲਨ ਦੀ ਲੋੜ ਹੈ ਜਿਸ ਵਿੱਚ ਹਰ ਵਰਗ ਦਾ ਸ਼ਾਮਿਲ ਹੋਣਾ ਜ਼ਰੂਰੀ ਹੈ ਤਾਂ ਹੀ ਇਸ ਸਮਾਜਿਕ ਬੁਰਾਈ ਖਾਤਮਾ ਕੀਤਾ ਜਾ ਸਕਦਾ ਹੈ।ਉਨ੍ਹਾਂ ਕਿਹਾ ਕਿ ਕੇਵਲ ਨਸ਼ਾ ਸਮਗਲਰ ਫੜਨ ਨਾਲ ਇਹ ਮਸਲਾ ਹੱਲ ਨਹੀਂ ਹੋ ਸਕਦਾ, ਇਸ ਲਈ ਨਸ਼ੇ ਦੀ ਮੰਗ ਖਤਮ ਕਰਨੀ ਅਤੇ ਨਸ਼ਾ ਲੈ ਰਹੇ ਬੱਚਿਆਂ ਦਾ ਇਲਾਜ ਕਰਵਾਉਣਾ ਵੀ ਜ਼ਰੂਰੀ ਹੈ।ਉਨ੍ਹਾਂ ਕਿਹਾ ਕਿ ਅਸੀਂ ਹਰ ਤਰ੍ਹਾਂ ਨਾਲ ਤਿਆਰ ਹਾਂ, ਪਰ ਲੋਕਾਂ ਦੇ ਸਾਥ ਦੀ ਲੋੜ ਹੈ, ਜੋ ਕਿ ਨਸ਼ੇ ਖਿਲਾਫ ਆਵਾਜ਼ ਬੁਲੰਦ ਕਰਨ।ਇਸ ਮੌਕੇ ਪੁਲਿਸ ਕਮਿਸ਼ਨਰ ਰਣਜੀਤ ਸਿੰਘ ਢਿੱਲੋਂ ਨੇ ਕਿਹਾ ਕਿ ਸਮਾਜ ਵਿੱਚ ਆਪਣੇ ਨਿੱਜੀ ਸਵਾਰਥਾਂ ਲਈ ਭੋਲੇ ਭਾਲੇ ਲੋਕਾਂ ਨੂੰ ਨਸ਼ਿਆਂ ਦੀ ਦਲਦਲ ਵਿੱਚ ਧੱਕਣ ਵਾਲੇ ਸ਼ਰਾਰਤੀ ਅਨਸਰਾਂ ਨੂੰ ਸਲਾਖਾਂ ਪਿੱਛੇ ਪਹੁੰਚਾ ਕੇ ਕਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੇ ਹੋਏ ਮਿਸਾਲੀ ਸਜ਼ਾਵਾਂ ਦਿੱਤੀਆਂ ਜਾਣਗੀਆਂ। ਉਨਾਂ ਕਿਹਾ ਕਿ ਸਰਹੱਦੀ ਪੱਟੀ ਦੇ ਪਿੰਡ ਅਤੇ ਸ਼ਹਿਰ ਵਿੱਚ ਪੁਲਸ ਜਨਤਕ ਸਹਿਯੋਗ ਦੇ ਨਾਲ ਕਮੇਟੀਆਂ ਦਾ ਗਠਨ ਕੀਤਾ ਜਾ ਰਿਹਾ ਹੈ, ਜਿਸ ਨਾਲ ਨਸ਼ਾ ਵਿਰੋਧੀ ਮੁਹਿੰਮ ਨੂੰ ਮਜ਼ਬੂਤੀ ਮਿਲੇਗੀ।ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਨਿਕਾਸ ਕੁਮਾਰ, ਵਧੀਕ ਡਿਪਟੀ ਕਮਿਸ਼ਨਰ ਜੋਤੀ ਬਾਲਾ, ਐੱਸ ਡੀ ਐੱਮ ਮਨਕੰਵਲ ਸਿੰਘ ਚਾਹਲ, ਸਹਾਇਕ ਕਮਿਸ਼ਨਰ ਗੁਰਸਿਮਰਨ ਕੌਰ ਅਤੇ ਹੋਰ ਅਧਿਕਾਰੀ ਵੀ ਹਾਜ਼ਰ ਸਨ।

# ਸੁਖਮਨਪਾਲ ਸਿੰਘ ਸੰਧੂ ਨੂੰ ਸ਼ਰਧਾਂਜਲੀਆਂ ਭੇਟ



**ਝਬਾਲ (ਹਰਜਿੰਦਰ ਸਿੰਘ ਸੋਨੀ)**-ਬੀਤੇ ਦਿਨੀਂ ਸ੍ਰੀ ਹੇਮਕੁੰਟ ਸਾਹਿਬ ਦੀ ਯਾਤਰਾ ਦੌਰਾਨ ਗੁਰੂ ਚਰਨਾਂ ਵਿੱਚ ਜਾ ਬਿਰਾਜੇ ਸੁਖਮਨਪਾਲ ਸਿੰਘ ਸੰਧੂ ਨੂੰ ਵੱਖ-ਵੱਖ ਸ਼ਖ਼ਸੀਅਤਾਂ ਵੱਲੋਂ ਸ਼ਰਧਾਂਜਲੀਆਂ ਭੇਟ ਕੀਤੀਆਂ ਗਈਆਂ।ਸੁਖਮਨਪਾਲ ਸਿੰਘ ਨਮਿੱਤ ਰੱਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਨ੍ਹਾਂ ਦੇ ਗ੍ਰਹਿ ਵਿਖੇ ਪਾਉਣ ਉਪਰੰਤ ਕੀਰਤਨ ਸਮਾਗਮ ਤੇ ਸ਼ਰਧਾਂਜਲੀ ਸਮਾਰੋਹ ਗੁਰਦੁਆਰਾ ਬੀਬੀ ਰਜਨੀ ਜੀ ਪੱਟੀ ਵਿਖੇ ਕਰਵਾਇਆ ਗਿਆ।ਸ਼ਰਧਾ ਦੇ ਫੁੱਲ ਭੇਟ ਕਰਨ ਵਾਲਿਆਂ ਵਿੱਚ ਸੰਤ ਬਾਬਾ ਗੁਰਬਚਨ ਸਿੰਘ ਬਿਧੀ ਚੰਦੀਏ ਸੁਰਸਿੰਘ ਵਾਲੇ, ਸੰਤ ਬਾਬਾ ਸਰਵਣ ਸਿੰਘ ਮਲਿਕਪੁਰ ਵਾਲੇ, ਗਿਆਨੀ ਤੇਜਬੀਰ ਸਿੰਘ ਦਮਦਮੀ ਟਕਸਾਲ, ਭਾਈ ਸੁਖਵਿੰਦਰ ਸਿੰਘ ਅਗਵਾਨ, ਬਾਬਾ ਹਰਜਿੰਦਰ ਸਿੰਘ ਗੁਰੂ ਕੀ ਮਤੀਲੀ ਬਾਘਾ ਪੁਰਾਣਾ, ਬਾਬਾ ਸੁਖਪ੍ਰੀਤ ਸਿੰਘ ਰਾਜਿਆਣਾ, ਬਾਬਾ ਗੁਰਪ੍ਰੀਤ ਸਿੰਘ ਸ਼ਾਹਾਬਪੁਰ, ਬੀਬੀ ਦਲੇਰ ਕੌਰ ਖਾਲਸਾ ਪੰਡੋਰੀ ਖਾਸ, ਬਾਬਾ ਮੰਗਲ ਸਿੰਘ ਦਮਦਮੀ ਟਕਸਾਲ, ਬਾਬਾ ਹਰਜਿੰਦਰ ਸਿੰਘ ਸਮਸਤਪੁਰ, ਡੀਟੀਓ ਅੰਗਰੇਜ਼ ਸਿੰਘ ਹੁੰਦਲ, ਸਵਾਮੀ ਲਖਬੀਰ ਸਿੰਘ, ਖੁਸ਼ਵਿੰਦਰ ਸਿੰਘ ਭਾਟੀਆ ਦੇ ਨਾਂਅ ਸ਼ਾਮਲ ਹਨ। ਇਸ ਮੌਕੇ ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ।

# ਪਿੰਡ ਸਠਿਆਲਾ 'ਚ ਗੁਰਮਤਿ ਸਿਖਲਾਈ ਕੈਂਪ ਸਮਾਪਤ



**ਬਾਬਾ ਬਕਾਲਾ ਸਾਹਿਬ 26 ਜੂਨ (ਜਸਪਾਲ ਸਿੰਘ)**-ਐਡਵੋਕੇਟ ਹਰਜਿੰਦਰ ਸਿੰਘ ਧਾਮੀ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਬਲਵਿੰਦਰ ਸਿੰਘ ਕਾਹਲਵਾਂ ਸਕੱਤਰ ਧਰਮ ਪ੍ਰਚਾਰ ਕਮੇਟੀ ਸ੍ਰੀ ਅੰਮ੍ਰਿਤਸਰ ਦੇ ਨਿਰਦੇਸ਼ਾਂ ਮੁਤਾਬਿਕ ਗੁਰੂ ਰਾਮਦਾਸ ਜੀ ਦੇ 450 ਸਾਲਾ ਗੁਰਗੱਦੀ ਦਿਵਸ ਅਤੇ ਗੁਰੂ ਅਮਰਦਾਸ ਜੀ ਦੇ 450 ਸਾਲਾ ਜੋਤੀ ਜੋਤ ਦਿਵਸ ਨੂੰ ਸਮਰਪਤ ਗੁਰਮਤਿ ਪ੍ਰਚਾਰ ਲਹਿਰ ਤਹਿਤ 22 ਪ੍ਰਚਾਰ ਸੈਂਟਰ ਬਣਾ ਕੇ ਧਰਮ ਪ੍ਰਚਾਰ ਕਮੇਟੀ ਵਲੋਂ ਇੱਕ ਹੀ ਸਮੇਂ 22 ਗੁਰਮਤਿ ਸਿਖਲਾਈ ਕੈਂਪ 16 ਮਈ ਤੋਂ ਅਰੰਭ ਕੀਤੇ ਗਏ ਹਨ। ਇਸੇ ਲੜੀ ਦਾ ਗੁਰਮਤਿ ਸਿਖਲਾਈ ਕੈਂਪ ਹਲਕਾ ਬਾਬਾ ਬਕਾਲਾ ਸਾਹਿਬ ਦੇ ਪਿੰਡ ਸਠਿਆਲਾ ਗੁਰਦੁਆਰਾ ਨਾਨਕਸਰ ਸਾਹਿਬ ਵਿਖੇ 16 ਜੂਨ ਤੋਂ ਚੱਲ ਰਿਹਾ ਸੀ ਜਿਸ ਵਿੱਚ 70 ਵਿਦਿਆਰਥੀਆਂ ਨੇ ਹਾਜ਼ਰੀ ਭਰ ਕੇ ਲਾਹਾ ਪ੍ਰਾਪਤ ਕੀਤਾ ਹੈ। ਬੁੱਧਵਾਰ ਇਸ ਗੁਰਮਤਿ ਕੈਂਪ ਦੇ ਸਮਾਪਤੀ ਸਮਾਗਮ ਵਿੱਚ ਭਾਈ ਜਸਪਾਲ ਸਿੰਘ ਬੱਲਸਰਾਏ ਪ੍ਰਚਾਰਕ ਨੇ ਬੱਚਿਆਂ ਨੂੰ ਸੰਬੋਧਨ ਕਰਦਿਆਂ ਗੁਰਮਤਿ ਵਿੱਦਿਆ ਦੀ ਅਹਿਮੀਅਤ ਬਾਰੇ ਦੱਸਿਆ। ਬੱਚਿਆਂ ਨੂੰ ਸ਼ੀਲਡਾਂ, ਮੈਡਲ, ਨਕਦ ਰਾਸ਼ੀ ਅਤੇ ਸਰਟੀਫਿਕੇਟ ਦੇ ਕੇ ਸਨਮਾਨਤ ਕੀਤਾ ਗਿਆ। ਇਸ ਸਮੇਂ ਭਾਈ ਕਵਲਜੀਤ ਸਿੰਘ ਗਗੜੇਵਾਲ, ਭਾਈ ਵਿਰਸਾ ਸਿੰਘ, ਭਾਈ ਅਮਰਜੀਤ ਸਿੰਘ ਕੋਮਲ ਹਾਜ਼ਰ ਸਨ। ਗਿਆਨੀ ਬੂਟਾ ਸਿੰਘ ਹੈੱਡ ਗ੍ਰੰਥੀ ਅਤੇ ਗੁਰਜੀਤ ਸਿੰਘ ਨੇ ਵਿਸ਼ੇਸ਼ ਸਹਿਯੋਗ ਦਿੱਤਾ। ਇਹ ਗੁਰਮਤਿ ਸਿਖਲਾਈ ਕੈਂਪ ਲਗਾਤਾਰ ਸਤੰਬਰ ਮਹੀਨੇ ਤੱਕ ਚੱਲਣਗੇ। ਜੋ ਗੁਰਦੁਆਰਾ ਪ੍ਰਬੰਧਕ ਅਜਿਹੇ ਕੈਂਪ ਆਪਣੇ ਗੁਰੂਘਰ ਲਵਾਉਣਾ ਚਾਹੁੰਦੇ ਹਨ, ਮੈਨੇਜਰ ਗੁਰਦੁਆਰਾ ਪਾਤਸ਼ਾਹੀ 9ਵੀਂ ਬਾਬਾ ਬਕਾਲਾ ਸਾਹਿਬ ਜਾਂ ਭਾਈ ਜਸਪਾਲ ਸਿੰਘ ਪ੍ਰਚਾਰਕ ਨਾਲ ਸੰਪਰਕ ਕਰ ਸਕਦੇ ਹਨ। ਇਸ ਮੌਕੇ ਕਰਨੈਲ ਸਿੰਘ, ਪਰਮਜੀਤ ਸਿੰਘ, ਦਿਆਲ ਸਿੰਘ, ਗੁਰਮਨ ਸਿੰਘ, ਰੋਵਣ ਸਿੰਘ, ਸਤਨਾਮ ਕੌਰ, ਕਸ਼ਮੀਰ ਕੌਰ, ਹਰਭਜਨ ਸਿੰਘ , ਹਰਪਾਲ ਸਿੰਘ ਵੀ ਹਾਜ਼ਰ ਸਨ ।

# ਕਸਬਾ ਪੰਜ ਗਰਾਈਆਂ ਦੇ ਬਿਜਲੀ ਦਫਤਰ ਦਾ ਕਿਸਾਨਾਂ ਨੇ ਕੀਤਾ ਘਿਰਾਓ



**ਗੁਰਦਾਸਪੁਰ, (ਜਨਕ ਮਹਾਜਨ)**- ਬਿਜਲੀ ਦੇ ਲੰਬੇ-ਲੰਬੇ ਕੱਟਾਂ ਤੋਂ ਦੁਖੀ ਹੋਏ ਇਲਾਕੇ ਦੇ ਕਿਸਾਨਾਂ ਵੱਲੋਂ ਪਿੰਡ ਘੁੰਮਾਣ ਦੇ ਬਿਜਲੀ ਬੋਰਡ ਦੇ ਐਸ. ਡੀ. ਓ. ਦਫਤਰ ਦਾ ਘਿਰਾਓ ਕੀਤਾ ਗਿਆ। ਜਾਣਕਾਰੀ ਅਨੁਸਾਰ ਇਸ 66 ਕੇ.ਵੀ. ਸਬ ਸਟੇਸ਼ਨ ਅਧੀਨ ਪੈਂਦੇ ਕਾਫੀ ਪਿੰਡਾਂ ਦੇ ਲੋਕ ਪਿਛਲੇ ਲੰਬੇ ਸਮੇਂ ਤੋਂ ਬਿਜਲੀ ਦੇ ਕੱਟਾਂ ਤੋਂ ਦੁਖੀ ਹੋ ਕੇ ਬਿਜਲੀ ਦੇ ਦਫਤਰ ਦਾ ਘਿਰਾਓ ਕਰਨ ਲਈ ਮਜਬੂਰ ਹੋਏ ਹਨ। ਉਕਤ ਕਿਸਾਨਾਂ ਨੇ ਦੱਸਿਆ ਕਿ ਝੋਨਾ ਬੀਜਣ ਦਾ ਸੀਜ਼ਨ ਦੌਰਾਨ ਸਰਕਾਰ ਵੱਲੋਂ ਅੱਠ ਘੰਟੇ ਨਿਰਵਿਘਨ ਬਿਜਲੀ ਸਪਲਾਈ ਕਰਨ ਦਾ ਭਰੋਸਾ ਹੈ ਪਰ ਫਿਰ ਵੀ ਕੋਈ ਨਾ ਕੋਈ ਬਹਾਨਾ ਬਣਾ ਕੇ ਬਿਜਲੀ ਦਫਤਰ ਵੱਲੋਂ ਲੰਬੇ ਲੰਬੇ ਕੱਟ ਲਗਾਏ ਜਾ ਰਹੇ ਹਨ ਜਿਸ ਤੋਂ ਉਹ ਕਾਫੀ ਦੁਖੀ ਹੋਏ ਪਏ ਹਨ। ਉਨ੍ਹਾਂ ਕਿਹਾ ਨਾ ਤਾਂ ਖੇਤਾਂ ਨੂੰ ਪਾਣੀ ਮਿਲ ਰਿਹਾ ਹੈ ਅਤੇ ਨਾ ਹੀ ਘਰਾਂ ਨੂੰ ਸਹੀ ਬਿਜਲੀ ਮਿਲ ਰਹੀ ਹੈ ਜਿਸ ਨਾਲ ਬੱਚੇ, ਬਜ਼ੁਰਗ ਕਾਫੀ ਪਰੇਸ਼ਾਨ ਹੋ ਰਹੇ ਹਨ। ਇਸ ਸਬੰਧੀ ਐਸ.ਡੀ.ਓ. ਬਿਜਲੀ ਦਫਤਰ ਦਾ ਕਹਿਣਾ ਹੈ ਕਿ ਲਾਈਨਾਂ ਵਿੱਚ ਖਰਾਬੀ ਪੈਣ ਨਾਲ ਅਜਿਹੇ ਕੱਟ ਲੱਗ ਰਹੇ ਹਨ। ਉਨ੍ਹਾਂ ਭਰੋਸਾ ਦਿੱਤਾ ਕਿ ਕਿਸਾਨਾਂ ਦੀ ਸ਼ਿਕਾਇਤ ਦਾ ਜਲਦੀ ਹੱਲ ਕੀਤਾ ਜਾਵੇਗਾ।

# ਦਲਿਤ ਨੌਜਵਾਨਾਂ 'ਤੇ ਤਸ਼ੱਦਦ ਕਰਨ ਵਾਲਿਆਂ ਦੀ ਗ੍ਰਿਫਤਾਰੀ ਲਈ ਡੀ ਸੀ ਨੂੰ ਸੌਂਪਿਆ ਮੰਗ ਪੱਤਰ



**ਮਾਨਸਾ (ਆਤਮਾ ਸਿੰਘ ਪਮਾਰ)**-ਸੰਗਰੂਰ ਦੇ ਦੋ ਦਲਿਤ ਨੌਜਵਾਨਾਂ 'ਤੇ ਅੰਨ੍ਹਾ ਤਸ਼ੱਦਦ ਕਰਨ ਵਾਲੇ ਕਿਸਾਨ ਯੂਨੀਅਨ ਉਗਰਾਹਾਂ ਦੇ ਧਨਾਢ ਤੇ ਸਾਥੀਆਂ ਨੂੰ ਪੁਲਸ ਵੱਲੋਂ ਗ੍ਰਿਫਤਾਰ ਨਾ ਕਰਨ 'ਤੇ ਪੀੜਤ ਨੌਜਵਾਨਾਂ 'ਤੇ ਦਰਜ ਕੀਤੇ ਝੂਠੇ ਪਰਚੇ ਰੱਦ ਕਰਵਾਉਣ ਲਈ ਮਜ਼ਦੂਰ ਮੁਕਤੀ ਮੋਰਚਾ ਪੰਜਾਬ ਵੱਲੋਂ ਡਿਪਟੀ ਕਮਿਸ਼ਨਰ ਮਾਨਸਾ ਰਾਹੀਂ ਪੰਜਾਬ ਦੇ ਰਾਜਪਾਲ ਨੂੰ ਮੰਗ ਪੱਤਰ ਭੇਜਿਆ ਗਿਆ।

ਇਸ ਮੌਕੇ ਮਜ਼ਦੂਰ ਮੁਕਤੀ ਮੋਰਚਾ ਪੰਜਾਬ ਦੇ ਸੂਬਾ ਪ੍ਰਧਾਨ ਭਗਵੰਤ ਸਿੰਘ ਸਮਾਓਂ ਨੇ ਕਿਹਾ ਕਿ ਸੰਗਰੂਰ ਜ਼ਿਲ੍ਹੇ ਅੰਦਰ ਦੋ ਦਲਿਤ ਨੌਜਵਾਨਾਂ ਨੂੰ ਪਸ਼ੂਆਂ ਵਾਂਗ ਕੁੱਟਮਾਰ ਕਰਨ ਵਾਲ਼ਾ ਪੇਂਡੂ ਧਨਾਢ ਉਸ ਕਿਸਾਨ ਯੂਨੀਅਨ ਦਾ ਅਖੌਤੀ ਨੇਤਾ ਹੈ, ਜੋ ਸਭ ਤੋਂ ਵੱਧ ਮਜ਼ਦੂਰ ਪੱਖੀ ਹੋਣ ਦਾ ਡਰਾਮਾ ਕਰਦੀ ਹੈ। ਉਨ੍ਹਾਂ ਕਿਹਾ ਕਿ ਨੌਜਵਾਨਾਂ ਦੀ ਕੁੱਟਮਾਰ ਕਰਨ ਵਾਲ਼ੇ ਕਿਸਾਨ ਯੂਨੀਅਨ ਦੇ ਧਨਾਢ ਲੀਡਰ ਨੇ ਲੁੱਟਮਾਰ ਕਰਨ ਦੀ ਕਹਾਣੀ ਘੜ ਕੇ ਅੰਨ੍ਹਾ ਜਬਰ ਕੀਤਾ ਤੇ ਯੂਨੀਅਨ ਦੇ ਦਬਾਅ ਹੇਠ ਪੀੜਤ ਨੌਜਵਾਨਾਂ 'ਤੇ ਹੀ ਪਰਚਾ ਦਰਜ ਕਰਵਾ ਦਿੱਤਾ।ਉਨ੍ਹਾਂ ਕਿਹਾ ਕਿ ਉਗਰਾਹਾਂ ਯੂਨੀਅਨ ਦੇ ਆਗੂ ਦੋਸ਼ੀ ਧਨਾਢ ਦਾ ਪੱਖ ਪੂਰ ਰਹੇ ਹਨ, ਜਿਸ ਦੇ ਤਹਿਤ ਪੁਲਸ ਪ੍ਰਸ਼ਾਸਨ ਦੋਸ਼ੀਆਂ ਉੱਪਰ ਦਰਜ ਪਰਚੇ ਵਿੱਚ 307 ਤੇ ਅਗਵਾ ਦੀ ਧਾਰਾ ਵਿੱਚ ਵਾਧਾ ਕਰਕੇ ਗ੍ਰਿਫ਼ਤਾਰੀ ਤੋਂ ਟਾਲ਼ਾ ਵੱਟ ਰਿਹਾ ਹੈ।ਉਨ੍ਹਾਂ ਕਿਹਾ ਕਿ ਕੱਲ੍ਹ ਮਜ਼ਦੂਰ ਜਥੇਬੰਦੀਆਂ ਵੱਲੋਂ ਪੇਸ਼ ਕੀਤੀ ਰਿਪੋਰਟ ਵੀ ਦੋਸ਼ੀਆਂ ਦਾ ਪੱਖ ਪੂਰਨ ਵਾਲ਼ੀ ਹੀ ਹੈ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਮਾਨ ਦਲਿਤਾਂ 'ਤੇ ਹੋ ਰਹੇ ਜਬਰ ਨੂੰ ਨਜ਼ਰਅੰਦਾਜ਼ ਕਰ ਰਿਹਾ ਹੈ।ਉਨ੍ਹਾਂ ਕਿਹਾ ਕਿ ਜੇਕਰ ਪੁਲਸ ਪ੍ਰਸ਼ਾਸਨ ਨੇ ਨੌਜਵਾਨਾਂ 'ਤੇ ਤਸ਼ੱਦਦ ਕਰਨ ਵਾਲੇ ਅਖੌਤੀ ਕਿਸਾਨ ਲੀਡਰ ਨੂੰ ਗ੍ਰਿਫ਼ਤਾਰ ਨਾ ਕੀਤਾ ਤੇ ਪੀੜਤ ਨੌਜਵਾਨਾਂ 'ਤੇ ਦਰਜ ਝੂਠਾ ਪਰਚਾ ਰੱਦ ਨਾ ਕੀਤਾ ਤਾਂ ਪੂਰੇ ਪੰਜਾਬ ਅੰਦਰ ਦਲਿਤ ਇਨਸਾਫ਼ ਅੰਦੋਲਨ ਸ਼ੁਰੂ ਕੀਤਾ ਜਾਵੇਗਾ।ਉਨ੍ਹਾਂ ਕਿਹਾ ਕਿ ਭਾਈਚਾਰਕ ਏਕਤਾ ਦੇ ਨਾਂ 'ਤੇ ਦਲਿਤ ਮਜ਼ਦੂਰਾਂ ਦੀ ਬਲੀ ਨਹੀਂ ਦਿੱਤੀ ਜਾ ਸਕਦੀ।ਉਨ੍ਹਾਂ ਕਿਹਾ ਕਿ ਉਗਰਾਹਾਂ ਗਰੁੱਪ ਜੇਕਰ ਸੱਚੀ ਮਜ਼ਦੂਰ ਪੱਖੀ ਹੈ ਤਾਂ ਦਲਿਤ ਨੌਜਵਾਨਾਂ 'ਤੇ ਜਬਰ ਕਰਨ ਵਾਲੇ ਆਪਣੇ ਲੀਡਰ ਨੂੰ ਜਥੇਬੰਦੀ 'ਚੋਂ ਬਾਹਰ ਦਾ ਰਸਤਾ ਦਿਖਾਵੇ।ਇਸ ਮੌਕੇ ਮਜ਼ਦੂਰ ਮੁਕਤੀ ਮੋਰਚਾ ਪੰਜਾਬ ਦੇ ਜ਼ਿਲ੍ਹਾ ਪ੍ਰਧਾਨ ਨਿੱਕਾ ਸਿੰਘ ਬਹਾਦਰਪੁਰ, ਹਲਕਾ ਬੁਢਲਾਡਾ ਦੇ ਇੰਚਾਰਜ ਸੁਖਵਿੰਦਰ ਸਿੰਘ ਬੋਹਾ, ਟਹਿਲਾਂ ਸਿੰਘ, ਧਰਮਾ ਸਿੰਘ ਖਾਲਸਾ, ਕੁਲਵੰਤ ਸਿੰਘ ਦਾਤੇਵਾਸ ਆਦਿ ਮੌਜੂਦ ਸਨ।

## ਘੱਗਰ ਜਲਗਾਹ ਪ੍ਰਦੂਸ਼ਣ ਰੋਕਣ ਲਈ ਕਰਾਂਗੇ ਗੰਭੀਰ ਯਤਨ : ਕੁਮਾਰੀ ਸ਼ੈਲਜਾ



**ਸਿਰਸਾ (ਸੁਰਿੰਦਰ ਪਾਲ ਸਿੰਘ)** ਆਲ ਇੰਡੀਆ ਕਾਂਗਰਸ ਵਰਕਿੰਗ ਕਮੇਟੀ ਮੈਂਬਰ ਤੇ ਸਿਰਸਾ ਲੋਕ ਸਭਾ ਸੀਟ ਤੋਂ ਕਾਂਗਰਸ ਦੀ ਨਵੀਂ ਚੁਣੀ ਗਈ ਸੰਸਦ ਮੈਂਬਰ ਕੁਮਾਰੀ ਸ਼ੈਲਜਾ ਦਾ ਕਹਿਣਾ ਹੈ ਕਿ ਘੱਗਰ ਦਰਿਆ ਸਿਰਸਾ ਖੇਤਰ ਦੇ ਸੈਂਕੜੇ ਪਿੰਡਾਂ ਦੀ ਜੀਵਨ ਰੇਖਾ ਹੈ।

ਕੁਮਾਰੀ ਸ਼ੈਲਜਾ ਨੇ ਓਟੂ ਹੈੱਡ ਵਿਖੇ ਪੁੱਜ ਕੇ ਕਿਸਾਨਾਂ ਨੂੰ ਮਿਲ ਕੇ ਘੱਗਰ ਦਰਿਆ ਵਿੱਚ ਵੱਧ ਰਹੇ ਪ੍ਰਦੂਸ਼ਣ ਨੂੰ ਲੈ ਕੇ ਆਪਣੀ ਚਿੰਤਾ ਜ਼ਾਹਰ ਕੀਤੀ ਅਤੇ ਕਿਹਾ ਕਿ ਭਾਜਪਾ ਸਰਕਾਰ ਨੇ ਘੱਗਰ ਦਾ ਪ੍ਰਦੂਸ਼ਣ ਰੋਕਣ ਲਈ ਕੋਈ ਯਤਨ ਨਹੀ ਕੀਤੇ। ਨਵੇਂ ਚੁਣੇ ਗਏ ਸੰਸਦ ਮੈਂਬਰ ਨੇ ਇਕੱਤਰ ਹੋਏ ਕਿਸਾਨਾਂ ਨੂੰ ਭਰੋਸਾ ਦਿੱਤਾ ਸੀ ਕਿ ਉਹ ਸਭ ਤੋਂ ਪਹਿਲਾ ਕੰਮ ਘੱਗਰ ਦਰਿਆ ਸਬੰਧੀ ਨੈਸ਼ਨਲ ਗ੍ਰੀਨ ਟ੍ਰਿਬਿਊਨਲ (ਐਨਜੀਟੀ) ਦੇ ਚੇਅਰਮੈਨ, ਕੇਂਦਰੀ ਮੰਤਰੀ ਜਲ ਸ਼ਕਤੀ ਮੰਤਰਾਲੇ ਅਤੇ ਕੇਂਦਰੀ ਵਾਤਾਵਰਣ, ਜੰਗਲਾਤ ਤੇ ਜਲਵਾਯੂ ਪਰਿਵਰਤਣ ਮੰਤਰੀ ਨੂੰ ਪੱਤਰ ਲਿਖਣਗੇ। ਉਨ੍ਹਾਂ ਕਿਹਾ ਕਿ ਪਿਛਲੇ ਡੇਢ ਦਹਾਕੇ ਤੋਂ ਘੱਗਰ ਨਦੀ 'ਚ ਫੈਕਟਰੀਆਂ ਦੇ ਕੂੜੇ ਸਮੇਤ ਖਤਰਨਾਕ ਰਸਾਇਣ ਛੱਡੇ ਜਾ ਰਹੇ ਹਨ। ਮੈਡਮ ਸੈਲਜ਼ਾ ਨੇ ਕਿਹਾ ਕਿ ਇਨ੍ਹਾਂ ਪ੍ਰਦੂਸ਼ਕਾਂ ਦੇ ਬੇਮਿਸਾਲ ਵਾਧੇ ਦੇ ਚਲਦੇ ਘੱਗਰ ਦੇ ਜਲਗਾਹ ਦੂਸ਼ਿਤ ਹੋਣ ਦੇ ਨਾਲ-ਨਾਲ ਮਨੁੱਖਾਂ ਅਤੇ ਦੁਧਾਰੂ ਪਸ਼ੂਆਂ ਦੀ ਸਿਹਤ ਲਈ ਗੰਭੀਰ ਖਤਰਾ ਪੈਦਾ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ ਨਦੀ 'ਚੋਂ ਆਉਦੀ ਬਦਬੂ ਕਾਰਨ ਆਸ-ਪਾਸ ਰਹਿਣ ਵਾਲੇ ਲੋਕਾਂ ਦਾ ਜਿਊਣਾ ਦੁੱਭਰ ਹੋ ਗਿਆ ਹੈ।ਉਨ੍ਹਾਂ ਕੇਂਦਰ ਸਰਕਾਰ ਤੋਂ ਮੰਗ ਕੀਤੀ ਕਿ ਇਸ ਦਿਸ਼ਾ ਵਿੱਚ ਯੋਗ ਕਦਮ ਚੁੱਕ ਕੇ ਦਰਿਆਈ ਪਾਣੀ ਨੂੰ ਪ੍ਰਦੂਸ਼ਣ ਤੋਂ ਬਚਾਇਆ ਜਾਵੇ ਅਤੇ ਪਾਣੀ ਨੂੰ ਪ੍ਰਦੂਸ਼ਤ ਕਰਨ ਵਾਲਿਆਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇ।

## ਐੱਨ ਸੀ ਸੀ ਯੂਨਿਟ ਨੇ ਜਲ ਸੰਕਟ ਸੰਬੰਧੀ ਕਰਾਇਆ ਜਾਗਰੂਕਤਾ ਪ੍ਰੋਗਰਾਮ

**ਫ਼ਤਿਹਗੜ੍ਹ ਸਾਹਿਬ, (ਪ੍ਰਮੋਦ ਭਾਰਦਵਾਜ)** ਦੇਸ਼ ਭਗਤ ਯੂਨੀਵਰਸਿਟੀ ਮੰਡੀ ਗੋਬਿੰਦਗੜ੍ਹ ਵਿਖੇ ਐਨ.ਸੀ.ਸੀ ਯੂਨਿਟ ਨੇ ਵਿਦਿਆਰਥੀਆਂ ਤੇ ਭਾਈਚਾਰੇ 'ਚ ਜਾਗਰੂਕਤਾ ਪੈਦਾ ਕਰਨ ਦੇ ਉਦੇਸ਼ ਨਾਲ ਇੱਕ ਪ੍ਰੋਗਰਾਮ ਰਾਹੀਂ ਪਾਣੀ ਦੀ ਕਮੀ ਦੇ ਗੰਭੀਰ ਮੁੱਦੇ ਨੂੰ ਹੱਲ ਕਰਨ ਲਈ ਪ੍ਰੋਗਰਾਮ ਕਰਾਇਆ। ਜਲ ਸੰਕਟ ਪ੍ਰੋਗਰਾਮ ਦਾ ਉਦੇਸ਼ ਪਾਣੀ ਦੀ ਘਾਟ ਕਾਰਨ ਪੈਦਾ ਹੋਈਆਂ ਚੁਣੌਤੀਆਂ ਨੂੰ ਉਜਾਗਰ ਕਰਨਾ ਤੇ ਸੰਭਾਲ ਦੇ ਯਤਨਾਂ ਦੀ ਫੌਰੀ ਲੋੜ 'ਤੇ ਜ਼ੋਰ ਦਿੱਤਾ। ਇਹ ਪ੍ਰੋਗਰਾਮ ਡੀਬੀਯੂ ਦੇ ਚਾਂਸਲਰ ਡਾ. ਜ਼ੋਰਾ ਸਿੰਘ ਅਤੇ ਪ੍ਰੋ. ਚਾਂਸਲਰ ਡਾ. ਤਜਿੰਦਰ ਕੌਰ ਦੀ ਅਗਵਾਈ ਹੇਠ ਕਰਾਇਆ ਗਿਆ।



ਇਸ ਮੌਕੇ ਡੀਬੀਯੂ ਦੇ ਡਿਪਟੀ ਰਜਿਸਟਰਾਰ ਡਾ. ਨਵਦੀਪ ਕੌਰ ਨੇ ਕਿਹਾ, 'ਮੇਰਾ ਮੰਨਣਾ ਹੈ ਕਿ ਸਾਡੇ ਭਾਈਚਾਰੇ ਲਈ ਪਾਣੀ ਦੇ ਸੰਕਟ ਦੀ ਗੰਭੀਰਤਾ ਨੂੰ ਸਮਝਣਾ ਅਤੇ ਉਨ੍ਹਾਂ ਤਰੀਕਿਆਂ ਦੀ ਖੋਜ ਕਰਨਾ ਮਹੱਤਵਪੂਰਨ ਹੈ, ਜਿਸ ਨਾਲ ਅਸੀਂ ਸਮੂਹਿਕ ਤੌਰ 'ਤੇ ਇਸ ਦੇ ਪ੍ਰਭਾਵ ਨੂੰ ਘੱਟ ਕਰ ਸਕਦੇ ਹਾਂ। ਇਸ ਪਹਿਲਕਦਮੀ ਦੇ ਜ਼ਰੀਏ ਸਾਡਾ ਉਦੇਸ ਜ਼ਿੰਮੇਵਾਰੀ ਦੀ ਭਾਵਨਾ ਪੈਦਾ ਕਰਨਾ ਹੈ ਤੇ ਲੋਕਾਂ ਨੂੰ ਸਾਡੇ ਕੀਮਤੀ ਜਲ ਸਰੋਤਾਂ ਦੀ ਸੰਭਾਲ ਲਈ ਕਾਰਜਸੀਲ ਕਦਮ ਚੁੱਕਣ ਲਈ ਪ੍ਰੇਰਤ ਕਰਨਾ ਹੈ।'

ਯੂਨੀਵਰਸਿਟੀ ਦੇ ਐਨਸੀਸੀ ਕੋਆਰਡੀਨੇਟਰ ਡਾ. ਅਜੈਪਾਲ ਸਿੰਘ ਸੇਖਾਵਤ ਅਤੇ ਸੀ ਟੀ ਓ (ਨੇਵੀ ਵਿੰਗ) ਚਮਨਪ੍ਰੀਤ ਨੇ ਕਮਿਊਨਿਟੀ ਦੇ ਸਾਰੇ ਮੈਂਬਰਾਂ ਦੇ ਨਾਲ-ਨਾਲ ਲੋਕਾਂ ਦੇ ਦਿਲਚਸਪੀ ਰੱਖਣ ਵਾਲੇ ਮੈਂਬਰਾਂ ਨੂੰ ਇਸ ਮਹੱਤਵਪੂਰਨ ਪਹਿਲਕਦਮੀ ਵਿੱਚ ਸ਼ਾਮਲ ਹੋਣ ਅਤੇ ਪਾਣੀ ਦੀ ਸੰਭਾਲ ਲਈ ਅੱਗੇ ਆਉਣ ਦਾ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ਇਕੱਠੇ ਮਿਲ ਕੇ ਦਿਖਾਉਂਦੇ ਹਾਂ ਕਿ ਅਸੀਂ ਆਪਣੇ ਘਰ ਦੇ ਸਭ ਤੋਂ ਕੀਮਤੀ ਜਲ ਸਰੋਤ ਨੂੰ ਸੁਰੱਖਿਅਤ ਰੱਖਣ ਵਿੱਚ ਇੱਕ ਸਾਰਥਿਕ ਪ੍ਰਭਾਵ ਪਾ ਸਕਦੇ ਹਾਂ।

## ਸਰਕਾਰ ਸੜਕ ਹਾਦਸਾ ਪੀੜਤਾਂ ਨੂੰ ਬੀਮਾ ਪਾਲਿਸੀ ਰਾਹੀਂ ਕਵਰ ਕਰੇ : ਡਾ. ਮੱਟੂ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)** ਪਿੰਡ ਕਕਰਾਲਾ ਭਾਈਕਾ ਵਿਖੇ ਸੜਕ ਹਾਦਸੇ 'ਚ ਮਾਰੇ ਗਏ ਮਜ਼ਦੂਰ ਨਿਰਭੈਅ ਸਿੰਘ ਦੇ ਪਰਵਾਰ ਨਾਲ ਦੁੱਖ ਸਾਂਝਾ ਕਰਨ ਤੋਂ ਬਾਅਦ ਹਾਦਸੇ ਵਿੱਚ ਬੁਰੀ ਤਰ੍ਹਾਂ ਫੱਟੜ ਹੋਏ ਮਜ਼ਦੂਰ ਬੇਅੰਤ ਸਿੰਘ ਦਾ ਹਲਕਾ ਸ਼ੁਤਰਾਣਾ ਦੇ ਲੋਕ ਆਗੂ ਡਾ. ਜਤਿੰਦਰ ਸਿੰਘ ਮੱਟੂ ਨੇ ਹਾਲ-ਚਾਲ ਜਾਣਿਆ। ਪੀੜਤ ਪਰਵਾਰਾਂ ਨਾਲ ਹਮਦਰਦੀ ਦਾ ਇਜ਼ਹਾਰ ਕਰਦਿਆਂ ਉਨ੍ਹਾਂ ਕਿਹਾ ਕਿ ਆਏ ਦਿਨ ਵੱਡੀ ਗਿਣਤੀ ਮਜ਼ਦੂਰ ਸੜਕ ਹਾਦਸਿਆਂ ਵਿੱਚ ਮੌਤ ਦੇ ਮੂੰਹ ਵਿੱਚ ਚਲੇ ਜਾਂਦੇ ਹਨ, ਜਿਸ ਤੋਂ ਬਾਅਦ ਪਰਵਾਰਕ ਮੈਂਬਰ ਦੋ ਵਕਤ ਦੀ ਰੋਟੀ ਤੋਂ ਵੀ ਮੁਥਾਜ ਹੋ ਜਾਂਦੇ ਹਨ। ਪਰਵਾਰਕ ਮੈਂਬਰਾਂ ਅਨੁਸਾਰ ਬੇਅੰਤ ਦੀ ਹਾਲਤ ਬਹੁਤ ਗੰਭੀਰ ਹੈ, ਉਸ ਦੇ ਸਿਰ ਦੀ ਹੱਡੀ ਵਿੱਚ ਬਹੁਤ ਵੱਡਾ ਫਰੈਕਚਰ ਹੈ। ਦੇਸ ਦੇ ਇੱਕ ਵੱਡੇ ਹਸਪਤਾਲ ਵੱਲੋਂ ਮਜ਼ਦੂਰ ਨਿਰਭੈ ਦੇ ਇਲਾਜ ਪੱਖੋਂ ਬੇਵੱਸੀ ਜ਼ਾਹਰ ਕਰਦਿਆਂ ਘਰ ਨੂੰ ਭੇਜ ਦਿੱਤਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦਾ ਇਕ ਅਦਾਰਾ ਕਿਰਤ ਵਿਭਾਗ ਕਿਰਤੀ ਲੋਕਾਂ ਦੀ ਵੈਲਫੇਅਰ ਲਈ ਬਣਿਆ ਹੈ, ਜਿਸ ਕੋਲ ਕਈ ਸੌ ਕਰੋੜ ਦਾ ਹਰ ਸਾਲ ਬਜਟ ਵੀ ਆਉਂਦਾ ਹੈ, ਪਰ ਸਰਕਾਰ ਗਰੀਬ ਵਰਗ ਦੇ ਮਜਰਦੂਰਾਂ ਦੀ ਕੋਈ ਸਾਰ ਨਹੀਂ ਲੈ ਰਹੀ। ਲੱਖਾਂ ਮਜ਼ਦੂਰ ਵਿਭਾਗ ਰਾਹੀਂ ਰਜਿਸਟਰਡ ਹੀ ਨਹੀਂ, ਜਿਸ ਕਾਰਨ ਉਹ ਕਿਰਤ ਵਿਭਾਗ ਦੀਆਂ ਸਕੀਮਾਂ ਦਾ ਕੋਈ ਲਾਭ ਹੀ ਨਹੀਂ ਲੈ ਸਕਦੇ। ਉਨ੍ਹਾਂ ਪੰਜਾਬ ਦੇ ਮੁੱਖ ਮੰਤਰੀ ਨੂੰ ਅਪੀਲ ਕੀਤੀ ਕਿ ਸਰਕਾਰ ਹਰ ਮਜ਼ਦੂਰ ਨੂੰ 10 ਲੱਖ ਦੀ ਬੀਮਾ ਪਾਲਿਸੀ ਰਾਹੀਂ ਕਵਰ ਕਰੇ ਤਾਂ ਜੁ ਸੜਕ ਹਾਦਸਿਆਂ ਵਿੱਚ ਮਾਰੇ ਜਾ ਰਹੇ ਮਜ਼ਦੂਰਾਂ ਦੇ ਪਰਵਾਰ ਧੱਕੇ ਨਾ ਖਾਣ। ਡਾ. ਜਤਿੰਦਰ ਸਿੰਘ ਮੱਟੂ ਨੇ ਸਰਕਾਰ ਤੋਂ ਮੰਗ ਕੀਤੀ ਕਿ ਕਿਰਤ ਵਿਭਾਗ ਦੇ ਅਧਿਕਾਰੀਆਂ ਨੂੰ ਪਿੰਡਾਂ ਵਿੱਚ ਭੇਜ ਕੇ ਹਰ ਮਜ਼ਦੂਰ ਨੂੰ ਰਜਿਸਟਰਡ ਕੀਤਾ ਜਾਵੇ ਤਾਂ ਜੁ ਕਿਰਤ ਵਿਭਾਗ ਵਲੋਂ ਮਿਲਦੇ ਲਾਭ ਮਜ਼ਦੂਰਾਂ ਤੱਕ ਪਹੁੰਚ ਸਕਣ।

## ਜ਼ਿਲ੍ਹਾ ਰੈਸਲਿੰਗ ਐਸੋਸੀਏਸ਼ਨ ਦੇ ਅਸ਼ਰਫ਼ ਅਬਦੁੱਲਾ ਉਪ ਪ੍ਰਧਾਨ ਤੇ ਜ਼ਹੂਰ ਅਹਿਮਦ ਚੌਹਾਨ ਫਾਇਨਾਂਸ ਸਕੱਤਰ ਨਿਯੁਕਤ



**ਮਾਲੇਰਕੋਟਲਾ (ਅਸਗਰ ਪਰਿਹਾਰ)** ਪੰਜਾਬ ਰੈਸਲਿੰਗ ਐਸੋਸੀਏਸ਼ਨ ਦੇ ਲਾਈਫ਼ ਟਾਈਮ ਪ੍ਰਧਾਨ ਕਰਤਾਰ ਸਿੰਘ (ਆਈ.ਪੀ.ਐਸ) ਓਲੰਪੀਅਨ, ਪਦਮ ਸ਼੍ਰੀ ਅਰਜਨਾ ਐਵਾਰਡੀ ਏਸ਼ੀਅਨ ਗੋਲਡ ਮੈਡਲਿਸਟ ਨੇ ਜ਼ਿਲ੍ਹਾ ਰੈਸਲਿੰਗ ਐਸੋਸੀਏਸ਼ਨ ਦੇ ਪ੍ਰਧਾਨ ਸ਼੍ਰੀ ਖਾਲਿਦ ਥਿੰਦ ਦੀ ਸਿਫ਼ਾਰਸ਼ 'ਤੇ ਮੁਹੰਮਦ ਅਸ਼ਰਫ ਅਬਦੁੱਲਾ (ਸਾਬਕਾ ਕੌਂਸਲਰ) ਨੂੰ ਜ਼ਿਲ੍ਹਾ ਉਪ ਪ੍ਰਧਾਨ ਤੇ ਜ਼ਹੂਰ ਅਹਿਮਦ ਚੌਹਾਨ ਨੂੰ ਉਨ੍ਹਾਂ ਦੀ ਸਰਗਰਮੀ ਤੇ ਕੁਸ਼ਤੀ ਗਤੀਵਿਧੀਆਂ ਵਿੱਚ ਦਿਲਚਸਪੀ ਨੂੰ ਦੇਖਦੇ ਹੋਏ ਫਾਇਨਾਂਸ ਸਕੱਤਰ ਨਿਯੁਕਤ ਕੀਤਾ ਗਿਆ ਹੈ। ਪੰਜਾਬ ਰੈਸਲਿੰਗ ਐਸੋਸੀਏਸ਼ਨ ਦੇ ਲਾਈਫ ਟਾਈਮ ਪ੍ਰਧਾਨ ਕਰਤਾਰ ਸਿੰਘ ਦੀ ਕਾਮਨਾ ਹੈ ਕਿ ਮਲੇਰਕੋਟਲਾ, ਸੰਗਰੂਰ ਦੇ ਇਲਾਕੇ ਕੁਸ਼ਤੀ ਦੇ ਖੇਤਰ ਵਿਚ ਆਪਣੇ ਵੱਡੇ ਯੋਗਦਾਨ ਲਈ ਕਾਫੀ ਮਸ਼ਹੂਰ ਰਹੇ ਹਨ ਤੇ ਇਸ ਖੇਤਰ ਵਿੱਚ ਕੁਸ਼ਤੀ ਨੂੰ ਹੋਰ ਪ੍ਰਫੁੱਲਤ ਕਰਨ ਲਈ ਇਨ੍ਹਾਂ ਦੋਵਾਂ ਨੌਜਵਾਨਾਂ ਦੀ ਸ਼ਮੂਲੀਅਤ ਤੇ ਨਾਮਜ਼ਦਗੀ ਐਸੋਸੀਏਸ਼ਨ ਲਈ ਬਹੁਤ ਲਾਹੇਵੰਦ ਤੇ ਕਾਰਗਰ ਸਿੱਧ ਹੋਵੇਗੀ। ਜ਼ਿਲ੍ਹਾ ਪ੍ਰਧਾਨ ਖਾਲਿਦ ਥਿੰਦ ਨੇ ਇਸ ਨਾਮਜ਼ਦਗੀ ਲਈ ਐਸੋਸੀਏਸ਼ਨ ਦੇ ਲਾਈਫ਼ ਟਾਈਮ ਪ੍ਰਧਾਨ ਕਰਤਾਰ ਸਿੰਘ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਨੇ ਮਾਲੇਰਕੋਟਲਾ ਦੇ ਯੋਗ ਤੇ ਸਰਗਰਮ ਲੋਕਾਂ ਨੂੰ ਐਸੋਸੀਏਸ਼ਨ ਵਿੱਚ ਸ਼ਾਮਲ ਕਰਕੇ ਨਾ ਸਿਰਫ਼ ਮਾਲੇਰਕੋਟਲਾ ਨਾਲ ਆਪਣਾ ਸਬੰਧ ਸਾਬਤ ਕੀਤਾ ਹੈ, ਸਗੋਂ ਸੰਜੀਦਾ ਤੇ ਯੋਜਨਾਬੱਧ ਤਰੀਕੇ ਨਾਲ ਕੁਸ਼ਤੀ ਨੂੰ ਪ੍ਰਫੁੱਲਤ ਕਰਨ ਦੇ ਉਪਰਾਲੇ ਕੀਤੇ ਗਏ ਹਨ।

ਇਲਾਕੇ ਦੇ ਉੱਘੇ ਖਿਡਾਰੀਆਂ ਨੇ ਅਸ਼ਰਫ ਅਬਦੁੱਲਾ ਅਤੇ ਜ਼ਹੂਰ ਅਹਿਮਦ ਚੌਹਾਨ ਨੂੰ ਵਧਾਈ ਦਿੱਤੀ ਹੈ। ਲਾਈਫ਼ ਟਾਈਮ ਪ੍ਰਧਾਨ ਕਰਤਾਰ ਸਿੰਘ ਨੇ ਵੀ ਆਸ ਪ੍ਰਗਟਾਈ ਕਿ ਐਸੋਸੀਏਸ਼ਨ ਦੇ ਉਕਤ ਦੋਵੇਂ ਨੌਜਵਾਨਾਂ ਦੀ ਜ਼ਿੰਮੇਵਾਰੀ ਨੂੰ ਸਵੀਕਾਰ ਕਰਨਾ ਸਾਡੇ ਲਈ ਖੁਸ਼ਕਿਸਮਤੀ ਵਾਲੀ ਗੱਲ ਹੈ, ਇਸ ਨਾਲ ਐਸੋਸੀਏਸ਼ਨ ਨੂੰ ਸਥਿਰਤਾ ਮਿਲੇਗੀ। ਇਸ ਮੌਕੇ ਨਵ ਨਿਯੁਕਤ ਉੱਪ ਪ੍ਰਧਾਨ ਅਸ਼ਰਫ ਅਬਦੁੱਲਾ ਅਤੇ ਫਾਇਨਾਂਸ ਸਕੱਤਰ ਜ਼ਹੂਰ ਅਹਿਮਦ ਚੌਹਾਨ ਨੇ ਵਿਸ਼ਵਾਸ ਦਿਵਾਇਆ ਕਿ ਕੁਸ਼ਤੀ ਖੇਡ ਨੂੰ ਜ਼ਿਲ੍ਹੇ ਵਿੱਚ ਹਰਮਨ ਪਿਆਰਾ ਬਣਾਉਣ ਲਈ ਉਚੇਚੇ ਯਤਨ ਕਰਨ ਦੇ ਨਾਲ ਨਾਲ ਖਿਡਾਰੀਆਂ ਦੀ ਆਰਥਿਕ ਮਦਦ ਵੀ ਕਰਨਗੇ।

## ਸਰਬੱਤ ਦਾ ਭਲਾ ਟਰੱਸਟ ਨੇ ਦਿੱਤੇ ਆਰਥਕ ਸਹਾਇਤਾ ਰਾਸ਼ੀ ਦੇ ਚੈੱਕ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)** ਸਮਾਜਸੇਵੀ ਡਾ. ਸੁਰਿੰਦਰਪਾਲ ਸਿੰਘ ਓਬਰਾਏ ਵੱਲੋਂ ਚਲਾਈ ਜਾ ਰਹੀ ਸਮਾਜਸੇਵੀ ਸੰਸਥਾ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਤਲਵੰਡੀ ਭਾਈ ਵਿੱਚ ਕਰਾਏ ਗਏ ਇੱਕ ਸਾਦੇ ਸਮਾਗਮ ਦੌਰਾਨ ਤਲਵੰਡੀ ਭਾਈ ਤੇ ਮੁੱਦਕੀ ਇਲਾਕਿਆਂ ਨਾਲ ਸਬੰਧਤ 20 ਜ਼ਰੂਰਤਮੰਦ, ਵਿਧਵਾਵਾਂ ਤੇ ਅੰਗਹੀਣ ਪਰਵਾਰਾਂ ਨੂੰ ਆਰਥਿਕ ਸਹਾਇਤਾ ਰਾਸ਼ੀ ਦੇ ਚੈੱਕ ਵੰਡੇ ਗਏ।

ਇਹ ਚੈੱਕ ਸੰਸਥਾ ਦੇ ਜ਼ਿਲ੍ਹਾ ਪ੍ਰਧਾਨ ਅਮਰਜੀਤ ਕੌਰ ਛਾਬੜਾ, ਬਲਾਕ ਪ੍ਰਧਾਨ ਬਹਾਦਰ ਸਿੰਘ ਭੁੱਲਰ ਵੱਲੋਂ ਵੰਡੇ ਗਏ।ਸੰਸਥਾ ਦੇ ਜ਼ਿਲ੍ਹਾ ਪ੍ਰਧਾਨ ਅਮਰਜੀਤ ਕੌਰ ਛਾਬੜਾ ਤੇ ਬਲਾਕ ਪ੍ਰਧਾਨ ਬਹਾਦਰ ਸਿੰਘ ਭੁੱਲਰ ਨੇ ਦੱਸਿਆ ਕਿ ਸੰਸਥਾ ਦੇ ਬਾਨੀ ਡਾ. ਓਬਰਾਏ ਵੱਲੋਂ ਲੋਕ ਭਲਾਈ ਦੇ ਕਈ ਹੋਰ ਕਾਰਜ ਸ਼ੁਰੂ ਕੀਤੇ ਹੋਏ ਹਨ, ਜਿਨ੍ਹਾਂ ਵਿੱਚ ਲੋੜਵੰਦਾਂ, ਅੰਗਹੀਣਾਂ ਤੇ ਵਿਧਵਾਵਾਂ ਨੂੰ ਮਹੀਨਾਵਾਰ ਪੈਨਸ਼ਨਾਂ, ਹੁਸ਼ਿਆਰ ਅਤੇ ਲੋੜਵੰਦ ਵਿਦਿਆਰਥੀਆਂ ਦੀਆਂ ਫੀਸਾਂ, ਮੈਡੀਕਲ ਸਹਾਇਤਾ, ਕਈ ਤਰਾਂ ਦੇ ਹੱਥੀਂ ਹੁਨਰ ਵਾਲੇ ਸਿਖਲਾਈ ਕੋਰਸ ਸਕੂਲਾਂ ਅਤੇ ਜਨਤਕ ਸਥਾਨਾਂ ਤੇ ਸਾਫ਼ ਪਾਣੀ ਵਾਲੇ ਆਰਓ ਲਾਏ ਜਾਂਦੇ ਹਨ।

## 900 ਕਿੱਲੋ ਭੁੱਕੀ ਸਮੇਤ ਇੱਕ ਗ੍ਰਿਫਤਾਰ



**ਜਗਰਾਓਂ (ਅਮਿਤ ਖੰਨਾ)**-ਪੰਜਾਬ ਨੂੰ ਨਸ਼ਾ ਮੁਕਤ ਕਰਨ ਲਈ ਚਲਾਈ ਗਈ ਮੁਹਿੰਮ ਤਹਿਤ ਐੱਸ ਪੀ ਮਨਵਿੰਦਰ ਵੀਰ ਸਿੰਘ, ਐੱਸ ਪੀ ਪਰਮਿੰਦਰ ਸਿੰਘ ਤੇ ਡੀ ਐੱਸ ਪੀ ਤਰਲੋਚਨ ਸਿੰਘ ਸੀ ਏ ਡਬਲਯੂ ਵਾਧੂ ਚਾਰਜ ਡੀ ਐੱਸ ਪੀ ਦਾਖਾ ਦੀ ਪੁਲਸ ਪਾਰਟੀ ਦੇ ਥਾਣਾ ਜੋਧਾਂ ਦੇ ਮੁੱਖ ਅਫਸਰ ਇੰਸਪੈਕਟਰ ਹੀਰਾ ਸਿੰਘ ਨੇ ਭਾਰੀ ਮਾਤਰਾ ਵਿੱਚ ਭੁੱਕੀ ਬਰਾਮਦ ਕੀਤੀ। ਐੱਸ ਐੱਸ ਪੀ ਨਵਨੀਤ ਸਿੰਘ ਨੇ ਪ੍ਰੈੱਸ ਕਾਨਫਰੰਸ ਦੌਰਾਨ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇੰਸਪੈਕਟਰ ਹੀਰਾ ਸਿੰਘ ਨੂੰ ਮੁੱਖਵਰ ਦੀ ਇਤਲਾਹ ਦੇ ਆਧਾਰ 'ਤੇ ਪਤਾ ਲੱਗਾ ਕਿ ਅਵਤਾਰ ਸਿੰਘ ਨੇ ਆਪਣੇ ਘਰ ਵਿੱਚ ਬਣੇ ਇੱਕ ਨੁੱਕਰ ਵਾਲੇ ਕਮਰੇ ਵਿੱਚ ਭਾਰੀ ਮਾਤਰਾ ਵਿੱਚ ਭੁੱਕੀ ਰੱਖੀ ਹੋਈ ਹੈ, ਜੋ ਕਿ ਉਸ ਦੇ ਸਾਥੀ ਬਲਜੀਤ ਸਿੰਘ ਨਾਲ ਸਾਂਝੀ ਹੈ।ਇਹ ਦੋਵੇਂ ਰਲ ਕੇ ਭੁੱਕੀ ਵੇਚਣ ਦਾ ਧੰਦਾ ਕਰਦੇ ਹਨ।ਇਹ ਸਭ ਜਾਣਕਾਰੀ ਡੀ ਐੱਸ ਪੀ ਤਰਲੋਚਨ ਸਿੰਘ ਦੇ ਧਿਆਨ ਵਿੱਚ ਲਿਆਂਦੀ।ਡੀ ਐੱਸ ਪੀ ਤਰਲੋਚਨ ਸਿੰਘ ਤੇ ਇੰਸਪੈਕਟਰ ਹੀਰਾ ਸਿੰਘ ਪੁਲਸ ਪਾਰਟੀ ਸਮੇਤ ਮੌਕੇ 'ਤੇ ਪੁੱਜੇ।

ਅਵਤਾਰ ਸਿੰਘ ਦੇ ਘਰ 'ਚ ਬਣੇ ਇੱਕ ਨੁੱਕਰ ਵਾਲੇ ਕਮਰੇ ਦਾ ਜਿੰਦਾ ਖੁਲਾ ਕੇ ਤਲਾਸ਼ੀ ਲਈ ਤਾਂ ਉਸ ਕਮਰੇ ਵਿੱਚੋਂ 45 ਗੱਟੂ ਪਲਾਸਟਿਕ ਦੇ ਬਰਾਮਦ ਹੋਏ।ਹਰ ਇੱਕ ਗੱਟੂ ਵਿੱਚ 20 ਕਿੱਲੋ ਭੁੱਕੀ ਸੀ।ਪੁਲਸ ਵੱਲੋਂ ਕੁੱਲ 900 ਕਿੱਲੋ ਭੁੱਕੀ ਬਰਾਮਦ ਹੋਈ।ਪੁਲਸ ਨੇ ਬਣਦੀ ਕਾਰਵਾਈ ਕਰਕੇ ਅਵਤਾਰ ਸਿੰਘ ਨੂੰ ਗ੍ਰਿਫਤਾਰ ਕਰ ਲਿਆ।ਜਾਣਕਾਰੀ ਦਿੰਦੇ ਹੋਏ ਐੱਸ ਐੱਸ ਪੀ ਨਵਨੀਤ ਸਿੰਘ ਬੈਂਸ ਨੇ ਦੱਸਿਆ ਕਿ ਅਵਤਾਰ ਸਿੰਘ ਨੂੰ ਮਾਨਯੋਗ ਅਦਾਲਤ ਵਿੱਚ ਪੇਸ਼ ਕਰਕੇ ਰਿਮਾਂਡ ਹਾਸਲ ਕੀਤਾ ਜਾਵੇਗਾ ਤੇ ਡੂੰਘਾਈ ਨਾਲ ਪੁੱਛ-ਗਿੱਛ ਕੀਤੀ ਜਾਵੇਗੀ, ਜਿਸ ਪਾਸੋਂ ਹੋਰ ਵੀ ਅਹਿਮ ਖੁਲਾਸੇ ਹੋਣ ਦੀ ਸੰਭਾਵਨਾ ਹੈ। ਜਾਣਕਾਰੀ ਦਿੰਦੇ ਹੋਏ ਐੱਸ ਐੱਸ ਪੀ ਨੇ ਦੱਸਿਆ ਕਿ ਬਲਜੀਤ ਸਿੰਘ ਖਿਲਾਫ ਪਹਿਲਾਂ ਵੀ ਵੱਖ-ਵੱਖ ਥਾਣਿਆਂ ਵਿੱਚ ਮੁਕੱਦਮੇ ਦਰਜ ਹਨ।

## ਕੱਟਿਆਂਵਾਲੀ 'ਚੋਂ 12 ਹਜ਼ਾਰ ਲੀਟਰ ਲਾਹਣ ਬਰਾਮਦ, ਮੌਕੇ 'ਤੇ ਕੀਤੀ ਨਸ਼ਟ



**ਮਲੋਟ (ਗੁਰਮੀਤ ਸਿੰਘ ਮੱਕੜ)** : ਐਕਸਾਈਜ਼ ਵਿਭਾਗ ਵੱਲੋਂ ਦੇਸੀ ਸ਼ਰਾਬ ਕੱਢਣ ਵਾਲੇ ਚਰਚਿਤ ਪਿੰਡ ਕੱਟਿਆਂਵਾਲੀ ਵਿਖੇ 12 ਹਜ਼ਾਰ ਲੀਟਰ ਲਾਹਣ ਤੇ ਦੋ ਡਰੰਮ ਲਾਵਾਰਿਸ ਲਾਹਣ ਬਰਾਮਦ ਕੀਤੇ ਗਏ, ਜਿਸ ਨੂੰ ਐਕਸਾਈਜ਼ ਵਿਭਾਗ ਦੇ ਅਧਿਕਾਰੀਆਂ ਨੇ ਮੌਕੇ 'ਤੇ ਨਸ਼ਟ ਕਰ ਦਿੱਤਾ। ਜਾਣਕਾਰੀ ਦਿੰਦਿਆਂ ਐਕਸਾਈਜ਼ ਵਿਭਾਗ ਦੇ ਅਧਿਕਾਰੀ ਨਰਿੰਦਰ ਕੁਮਾਰ ਨੇ ਦੱਸਿਆ ਕਿ ਐਕਸਾਈਜ਼ ਇੰਸਪੈਕਟਰ ਜੈਸਲਪ੍ਰੀਤ ਸਿੰਘ ਤੇ ਐਕਸਾਈਜ਼ ਇੰਸਪੈਕਟਰ ਸੁਖਵਿੰਦਰ ਸਿੰਘ ਨੇ ਐਕਸਾਈਜ਼ ਪੁਲਸ ਨਾਲ ਮਿਲ ਕੇ ਅੱਜ ਸਵੇਰੇ ਪਿੰਡ ਕੱਟਿਆਂਵਾਲੀ ਦੇ ਉਨ੍ਹਾਂ ਥਾਵਾਂ 'ਤੇ ਛਾਪਾ ਮਾਰਿਆ, ਜਿੱਥੇ ਲਾਹਣ ਹੋਣ ਦਾ ਸ਼ੱਕ ਪਾਇਆ ਜਾ ਰਿਹਾ ਸੀ। ਅਧਿਕਾਰੀ ਨੇ ਦੱਸਿਆ ਕਿ ਉਨ੍ਹਾਂ ਨੇ ਅਜਿਹੇ 18 ਵੱਡੇ ਪਲਾਸਟਿਕ ਬੈਗ ਬਰਾਮਦ ਕੀਤੇ, ਜਿਨ੍ਹਾਂ ਵਿੱਚ ਲਗਭਗ 12 ਹਜ਼ਾਰ ਲੀਟਰ ਲਾਹਣ ਪਾਈ ਹੋਈ ਸੀ। ਇਸ ਤੋਂ ਇਲਾਵਾ ਵਿਭਾਗ ਨੇ ਦੋ ਡਰੰਮ, ਜੋ ਲਾਵਾਰਿਸ ਪਾਏ ਗਏ ਵੀ ਬਰਾਮਦ ਕੀਤੇ। ਐਕਸਾਈਜ਼ ਅਧਿਕਾਰੀ ਨਰਿੰਦਰ ਕੁਮਾਰ ਤੇ ਹੋਰ ਅਧਿਕਾਰੀ ਅਤੇ ਮੁਲਾਜ਼ਮਾਂ ਨੇ ਇਹ ਲਾਹਣ ਨੂੰ ਨਸ਼ਟ ਕਰ ਦਿੱਤਾ। ਐਕਸਾਈਜ਼ ਵਿਭਾਗ ਦੇ ਅਧਿਕਾਰੀਆਂ ਨੇ ਦੱਸਿਆ ਕਿ ਉਹ ਅਜਿਹੇ ਪਿੰਡ ਢਾਣੀਆਂ ਆਦਿ ਜੋ ਪਹਿਲਾਂ ਹੀ ਦੇਸੀ ਸ਼ਰਾਬ ਕੱਢਣ ਵਿੱਚ ਚਰਚਿਤ ਹਨ, ਸਮੇਂ-ਸਮੇਂ ਸਿਰ ਛਾਪੇਮਾਰੀ ਕਰਦੇ ਰਹਿੰਦੇ ਹਨ।

## ਨਸ਼ਾ ਵਿਰੋਧੀ ਦਿਵਸ 'ਤੇ ਜਾਗਰੂਕਤਾ ਸੈਮੀਨਾਰ



**ਮਾਨਸਾ (ਆਤਮਾ ਸਿੰਘ ਪਮਾਰ)** ਡਿਪਟੀ ਕਮਿਸ਼ਨਰ ਸ੍ਰੀ ਪਰਮਵੀਰ ਸਿੰਘ ਦੇ ਦਿਸ਼ਾ-ਨਿਰਦੇਸ਼ਾਂ 'ਤੇ ਨਸ਼ਾ ਵਿਰੋਧੀ ਦਿਵਸ ਮੌਕੇ ਨਸ਼ਾ ਛੁਡਾਊ ਤੇ ਪੁਨਰਵਾਸ ਕੇਂਦਰ ਠੂਠਿਆਂਵਾਲੀ ਰੋਡ ਮਾਨਸਾ ਵਿਖੇ ਜਾਗਰੂਕਤਾ ਸੈਮੀਨਾਰ ਦਾ ਆਯੋਜਨ ਕੀਤਾ ਗਿਆ।

ਸਿਵਲ ਸਰਜਨ ਡਾ. ਹਰਦੇਵ ਸਿੰਘ ਨੇ ਦੱਸਿਆ ਕਿ ਜੋ ਵਿਅਕਤੀ ਕਿਸੇ ਵੀ ਕਾਰਨ ਕਰਕੇ ਨਸ਼ੇ ਦਾ ਆਦੀ ਹੋ ਗਿਆ ਹੈ, ਜੇਕਰ ਉਹ ਚਾਹੇ ਤਾਂ ਇਕ ਮਹੀਨਾ ਕਿਸੇ ਵੀ ਨਸ਼ਾ ਛੁਡਾਊ ਤੇ ਪੁਨਰਵਾਸ ਕੇਂਦਰ ਵਿੱਚ ਦਾਖ਼ਲ ਹੋ ਕੇ ਨਸ਼ਾ ਛੱਡ ਸਕਦਾ ਹੈ।ਉਨ੍ਹਾਂ ਕਿਹਾ ਕਿ ਇਨ੍ਹਾਂ ਕੇਂਦਰਾਂ ਵਿੱਚ ਡਾਕਟਰਾਂ ਦੁਆਰਾ ਸਮੇਂ ਸਮੇਂ 'ਤੇ ਜਾਂਚ ਕੀਤੀ ਜਾਂਦੀ ਹੈ ਤੇ ਮਰੀਜ਼ ਨੂੰ ਲੋੜ ਅਨੁਸਾਰ ਦਵਾਈ ਦੀ ਮਾਤਰਾ ਦਿੱਤੀ ਜਾਂਦੀ ਹੈ।ਮਰੀਜ਼ ਨੂੰ ਵੱਖਰੇ ਵੱਖਰੇ ਤਰੀਕਿਆਂ ਨਾਲ ਕੌਂਸਲਿੰਗ ਕਰਕੇ ਤਕਨੀਕੀ ਕੰਮ, ਰੁਜ਼ਗਾਰ ਤੇ ਖੇਡਾਂ ਪ੍ਰਤੀ ਪ੍ਰੇਰਤ ਕੀਤਾ ਜਾਂਦਾ ਹੈ।ਵਿਜੇ ਕੁਮਾਰ ਜੈਨ, ਜ਼ਿਲ੍ਹਾ ਸਮੂਹ ਸਿੱਖਿਆ ਤੇ ਸੂਚਨਾ ਅਫ਼ਸਰ ਨੇ ਕਿਹਾ ਕਿ ਸਾਡੇ ਸਮਾਜ ਵਿੱਚ ਜੇਕਰ ਕੋਈ ਵਿਅਕਤੀ ਨਸ਼ੇ ਦਾ ਆਦੀ ਹੋ ਜਾਂਦਾ ਹੈ ਤਾਂ ਪਰਵਾਰਕ ਮੈਂਬਰ ਅਤੇ ਸਮਾਜ ਨੂੰ ਉਸ ਵਿਅਕਤੀ ਦਾ ਨਸ਼ਾ ਛਡਾਉਣ ਵਿੱਚ ਸਹਿਯੋਗ ਦੇਣਾ ਚਾਹੀਦਾ ਹੈ।ਉਨ੍ਹਾਂ ਅਪੀਲ ਕੀਤੀ ਕਿ ਨਸ਼ਿਆਂ ਤੋਂ ਛੁਟਕਾਰੇ ਲਈ ਸਰਕਾਰ ਵੱਲੋਂ ਜ਼ਿਲ੍ਹਾ ਪੱਧਰ 'ਤੇ ਨਸ਼ਾ ਛੁੜਾਊ ਤੇ ਪੁਨਰਵਾਸ ਕੇਂਦਰ ਖੋਲ੍ਹੇ ਗਏ ਹਨ ਅਤੇ ਰੋਜ਼ਾਨਾ ਦੀ ਦਵਾਈ ਲੈਣ ਲਈ ਜ਼ਿਲ੍ਹੇ ਵਿੱਚ ਵੱਖ-ਵੱਖ ਥਾਵਾਂ 'ਤੇ ਓਟ ਸੈਂਟਰ ਖੋਲ੍ਹੇ ਗਏ ਹਨ।

## ਤਹਿਸੀਲ ਕੰਪਲੈਕਸ 'ਚ ਠੰਢੇ ਮਿੱਠੇ ਪਾਣੀ ਦੀ ਛਬੀਲ ਲਾਈ

**ਪਾਤੜਾਂ (ਭੁਪਿੰਦਰਜੀਤ ਮੌਲਵੀਵਾਲਾ)** ਗਰਮੀ ਦੇ ਮੌਸਮ ਨੂੰ ਧਿਆਨ ਵਿੱਚ ਰੱਖਦਿਆਂ ਤਹਿਸੀਲ ਕੰਪਲੈਕਸ ਵਿਖੇ ਆਪਣੇ ਕੰਮਾਂ ਕਾਜਾਂ ਲਈ ਆਉਣ ਵਾਲੇ ਲੋਕਾਂ ਦੀ ਸਹੂਲਤ ਲਈ ਸਬ ਡਵੀਜ਼ਨ ਅਤੇ ਤਹਿਸੀਲ ਦਫਤਰ ਦੇ ਕ੍ਰਮਚਾਰੀਆਂ ਵੱਲੋਂ ਠੰਡੇ ਮਿੱਠੇ ਪਾਣੀ ਦੀ ਛਬੀਲ ਲਾਈ ਗਈ।

ਕਾਨੂੰਗੋ ਗੁਰਚਰਨ ਸਿੰਘ ਨੇ ਦੱਸਿਆ ਕਿ ਇਸ ਵਾਰ ਭਿਆਨਕ ਗਰਮੀ ਹੋਣ ਕਰਕੇ ਦਫਤਰ ਵਿੱਚ ਕੰਮਾਂ ਕਾਜਾਂ ਲਈ ਆਉਣ ਵਾਲੇ ਲੋਕਾਂ ਨੂੰ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਸੀ। ਇਸ ਗੱਲ ਨੂੰ ਧਿਆਨ ਵਿੱਚ ਰੱਖਦਿਆਂ ਤਹਿਸੀਲ ਦਫਤਰ ਦੇ ਕਰਮਚਾਰੀਆਂ ਵੱਲੋਂ ਠੰਡੇ ਮਿੱਠੇ ਪਾਣੀ ਦੀ ਛਬੀਲ ਲਾਈ ਗਈ ਹੈ।ਉਨ੍ਹਾਂ ਦੱਸਿਆ ਕਿ ਇਸ ਤੋਂ ਪਹਿਲਾਂ ਵੀ ਇੱਕ ਦਿਨ ਦਫਤਰ ਦੇ ਸਮੂਹ ਕ੍ਰਮਚਾਰੀਆਂ ਨੇ ਛਬੀਲ ਲਾਈ ਸੀ।

## ਆਸ਼ਾ ਵਰਕਰਾਂ ਤੇ ਫੈਸਿਲੀਟੇਟਰ ਯੂਨੀਅਨ ਵੱਲੋਂ ਰੋਸ ਧਰਨਾ

### ਡਿਪਟੀ ਕਮਿਸ਼ਨਰ ਨੂੰ ਸੌਂਪਿਆ ਮੰਗ ਪੱਤਰ



**ਮਾਨਸਾ (ਆਤਮਾ ਸਿੰਘ ਪਮਾਰ)**-ਆਸ਼ਾ ਵਰਕਰਾਂ ਤੇ ਫੈਸਿਲੀਟੇਟਰ ਨਿਰੋਲ ਯੂਨੀਅਨ ਜ਼ਿਲ੍ਹਾ ਮਾਨਸਾ ਵੱਲੋਂ ਜ਼ਿਲ੍ਹਾ ਪ੍ਰਧਾਨ ਰੁਪਿੰਦਰ ਕੌਰ ਤੇ ਸੀਨੀਅਰ ਮੀਤ ਪ੍ਰਧਾਨ ਬਲਵਿੰਦਰ ਕੌਰ ਦੀ ਅਗਵਾਈ 'ਚ ਡਿਪਟੀ ਕਮਿਸ਼ਨਰ ਮਾਨਸਾ ਦੇ ਦਫਤਰ ਮੂਹਰੇ ਅਤਿ ਦੀ ਗਰਮੀ 'ਚ ਆਪਣੀਆਂ ਮੰਗਾਂ ਸਬੰਧੀ ਰੋਸ ਧਰਨਾ ਤੇ ਪ੍ਰਦਰਸ਼ਨ ਕਰਕੇ ਜ਼ਬਰਦਸਤ ਨਾਅਰੇਬਾਜ਼ੀ ਕੀਤੀ ਗਈ।ਜ਼ਿਲ੍ਹਾ ਪ੍ਰਧਾਨ ਰੁਪਿੰਦਰ ਕੌਰ ਨੇ ਪੱਤਰਕਾਰ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਸਮੁੱਚੇ ਪੰਜਾਬ ਵਿੱਚ ਜ਼ਿਲ੍ਹਾ ਪੱਧਰੀ ਰੋਸ ਧਰਨੇ ਦੇ ਕੇ ਆਪਣੀਆਂ ਹੱਕੀ ਤੇ ਜਾਇਜ਼ ਮੰਗਾਂ ਲਈ ਡਿਪਟੀ ਕਮਿਸ਼ਨਰਾਂ ਨੂੰ ਮੰਗ ਪੱਤਰ ਦਿੱਤੇ ਗਏ।ਜਦੋਂ ਉਨ੍ਹਾਂ ਤੋਂ ਮੰਗਾਂ ਸਬੰਧੀ ਪੁੱਛਿਆ ਗਿਆ ਤਾਂ ਉਨ੍ਹਾਂ ਕਿਹਾ ਕਿ ਜਦੋਂ ਸਾਨੂੰ ਭਰਤੀ ਕੀਤਾ ਗਿਆ ਸੀ ਤਾਂ ਉਮਰ ਦੀ ਕੋਈ ਹੱਦ ਨਿਰਧਾਰਤ ਨਹੀਂ ਕੀਤੀ ਗਈ ਸੀ, ਪ੍ਰੰਤੂ ਹੁਣ ਅਚਨਚੇਤ ਉਮਰ ਹੱਦ 58 ਸਾਲ ਕਰਨ ਦੇ ਨੋਟਿਸ ਦੇ ਕੇ ਲੰਬੇ ਸਮੇਂ ਤੋਂ ਕੰਮ ਕਰ ਰਹੀਆਂ ਵਰਕਰਾਂ ਨੂੰ ਖਾਲੀ ਹੱਥ ਸੇਵਾ ਮੁਕਤ ਕੀਤਾ ਜਾ ਰਿਹਾ।ਉਨ੍ਹਾਂ ਰੋਸ ਜ਼ਾਹਰ ਕਰਦਿਆਂ ਕਿਹਾ ਕਿ ਕੋਰੋਨਾ ਕਾਲ ਸਮੇਂ ਜਦੋਂ ਆਪਣੇ ਵੀ ਸਾਥ ਛੱਡ ਗਏ ਸਨ ਤਾਂ ਅਸੀਂ ਆਪਣੀਆਂ ਜਾਨਾਂ ਜੋਖਮ 'ਚ ਪਾ ਕੇ ਵੀ ਨਿਯਮਤ ਰੂਪ ਵਿੱਚ ਆਪਣੀਆਂ ਸੇਵਾਵਾਂ ਨਿਭਾਈਆਂ, ਪ੍ਰੰਤੂ ਅਫਸੋਸ ਹੁਣ ਖਾਲੀ ਹੱਥ ਹੀ ਸਾਨੂੰ ਘਰਾਂ ਨੂੰ ਤੋਰਿਆ ਜਾ ਰਿਹਾ ਹੈ।ਪਹਿਲਾਂ ਸਾਨੂੰ ਜੋ ਨਿਗੂਣਾ ਮਾਣ-ਭੱਤਾ ਮਿਲਦਾ ਹੈ, ਨੂੰ ਚੋਣਾਂ ਤੋਂ ਪਹਿਲਾਂ ਵਧਾਉਣ ਦਾ ਵਾਅਦਾ ਕੀਤਾ ਗਿਆ ਸੀ, ਵਾਅਦਾ ਪੂਰਾ ਕਰਨ ਦੀ ਬਜਾਏ ਉਸ ਵਿੱਚ ਵੀ ਕਟੌਤੀ ਕਰ ਦਿੱਤੀ ਗਈ ਹੈ, ਜਿਸ ਦੀ ਜਥੇਬੰਦੀ ਪੁਰਜ਼ੋਰ ਸ਼ਬਦਾਂ 'ਚ ਨਿਖੇਧੀ ਕਰਦੀ ਹੈ।ਸੀਨੀਅਰ ਮੀਤ ਪ੍ਰਧਾਨ ਬਲਵਿੰਦਰ ਕੌਰ ਨੇ ਉਮਰ ਹੱਦ 58 ਤੋਂ 65 ਸਾਲ ਕਰਨ, ਸੇਵਾ ਮੁਕਤੀ ਸਮੇਂ ਹੌਸਲਾ ਅਫਜ਼ਾਈ ਲਈ 5 ਲੱਖ ਰੁਪਏ ਦੇਣ ਤੇ 10 ਹਜ਼ਾਰ ਰੁਪਏ ਮਹੀਨਾਵਾਰ ਪੈਨਸ਼ਨ ਦੇਣ, ਟੂਰ ਮਨੀ ਇਨਸੈਂਟਿਵ ਵਿੱਚ ਵਾਧਾ ਕਰਨ ਅਤੇ ਆਨਰੇਰੀਅਮ ਘੱਟੋ ਘੱਟ 2500 ਰੁਪਏ ਸਮੇਤ ਇੰਕਰੀਮੈਂਟ ਤੇ ਟੈਸਟ ਪਾਸ ਕਰ ਚੁੱਕੀਆਂ ਏ ਐੱਨ ਐਮਜ਼ ਨੂੰ ਨਿਯੁਕਤੀ ਪੱਤਰ ਆਦਿ ਦੇਣ ਦੀ ਪੰਜਾਬ ਸਰਕਾਰ ਤੋਂ ਪੁਰਜ਼ੋਰ ਮੰਗ ਕੀਤੀ।ਉਨ੍ਹਾਂ ਪੰਜਾਬ ਸਰਕਾਰ ਨੂੰ ਚਿਤਾਵਨੀ ਦਿੱਤੀ ਕਿ ਜੇਕਰ ਉਨ੍ਹਾਂ ਦੀਆਂ ਮੰਗਾਂ ਵੱਲ ਧਿਆਨ ਨਾ ਦਿੱਤਾ ਗਿਆ ਤਾਂ ਉਹ 5 ਜੁਲਾਈ ਨੂੰ ਜਲੰਧਰ ਜ਼ਿਮਨੀ ਚੋਣ ਦੌਰਾਨ ਝੰਡਾ ਮਾਰਚ ਕਰਨ ਲਈ ਮਜਬੂਰ ਹੋਣਗੀਆਂ।ਇਸ ਸਮੇਂ ਡਿਪਟੀ ਕਮਿਸ਼ਨਰ ਮਾਨਸਾ ਨੂੰ ਮਿਲ ਕੇ ਆਗੂਆਂ ਵੱਲੋਂ ਆਪਣੀਆਂ ਮੰਗਾਂ ਸਬੰਧੀ ਇੱਕ ਮੰਗ ਪੱਤਰ ਵੀ ਸੌਂਪਿਆ ਗਿਆ।ਇਸ ਸਮੇਂ ਜ਼ਿਲ੍ਹੇ ਦੇ ਵੱਖ ਵੱਖ ਬਲਾਕਾਂ 'ਚੋਂ ਵੱਡੀ ਗਿਣਤੀ ਆਸ਼ਾ ਵਰਕਰਾਂ ਤੇ ਫੈਸਿਲੀਟੇਟਰਾਂ ਵੱਲੋਂ ਰੋਸ ਧਰਨੇ 'ਚ ਸ਼ਮੂਲੀਅਤ ਕੀਤੀ ਗਈ।

## ਨਸ਼ੇ ਵਿਰੁੱਧ ਪਿੰਡਾਂ 'ਚ ਜਾਗਰੂਕਤਾ ਮੁਹਿੰਮ ਜਾਰੀ

**ਬੁਢਲਾਡਾ (ਅਸ਼ੋਕ ਲਾਕੜਾ)**-ਪੰਜਾਬ ਰਾਜ ਅੰਦਰ ਨਾਸ਼ਾ ਕਰਨ ਤੇ ਨਸ਼ਾ ਸਮੱਗਲਰਾਂ ਨੂੰ ਠੱਲ੍ਹ ਪਾਉਣ ਲਈ ਜੰਗੀ ਪੱਧਰ 'ਤੇ ਵਿੱਢੀ ਗਈ ਮੁਹਿੰਮ ਨੂੰ ਅੱਗੇ ਤੋਰਦਿਆਂ ਥਾਣਾ ਸਦਰ ਮੁਖੀ ਮੇਲਾ ਸਿੰਘ ਨੇ ਨੇੜਲੇ ਪਿੰਡ ਬੀਰੋ ਕੇ ਕਲਾਂ ਵਿਖੇ ਪਿੰਡ ਵਾਸੀਆਂ ਤੇ ਨੌਜਵਾਨਾਂ ਨੂੰ ਨਸ਼ੇ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਕਰਦੇ ਹੋਏ ਕਿਹਾ ਕਿ ਜੇਕਰ ਪਿੰਡ ਵਿੱਚ ਕੋਈ ਵੀ ਵਿਅਕਤੀ ਨਸ਼ਾ ਵੇਚਣ ਦਾ ਕੰਮ ਕਰਦਾ ਹੈ ਤਾਂ ਉਸ ਦੀ ਇਤਲਾਹ ਤੁਰੰਤ ਪੁਲਸ ਨੂੰ ਦਿੱਤੀ ਜਾਵੇ।ਉਨ੍ਹਾਂ ਕਿਹਾ ਕਿ ਲੋਕਾਂ ਦੇ ਸਹਿਯੋਗ ਨਾਲ ਹੀ ਪੁਲਸ ਪ੍ਰਸ਼ਾਸਨ ਇਸ ਨਸ਼ੇ ਦੇ ਕੋਹੜ ਨੂੰ ਖਤਮ ਕਰ ਸਕਦਾ ਹੈ।ਉਨ੍ਹਾਂ ਪੁਲਸ ਪ੍ਰਸ਼ਾਸਨ ਨੂੰ ਭਰੋਸਾ ਦਿਵਾਇਆ ਕਿ ਭਵਿੱਖ ਵਿੱਚ ਜੇਕਰ ਪਿੰਡ ਵਿੱਚ ਕੋਈ ਵੀ ਵਿਅਕਤੀ ਜਾਂ ਨੌਜਵਾਨ ਨਸ਼ਾ ਵੇਚਣ ਦਾ ਕੰਮ ਜਾਂ ਨਸ਼ਾ ਕਰਦਾ ਹੈ ਤਾਂ ਉਸ ਦੀ ਇਤਲਾਹ ਪੁਲਸ ਨੂੰ ਤੁਰੰਤ ਦਿੱਤੀ ਜਾਵੇਗੀ।


**Format C-2**

**Declaration about criminal antecedents of candidates set up by the party**

As per the judgement dated 25th September, 2018 of Hon'ble Supreme Court in WP(Civil) No. 536 of 2011 (Public Interest Foundation and Ors. Vs. Union of India & Anr.).

Name of the Political Party: **AAM AADMI PARTY** Name of the Election: **ASSEMBLY BYE ELECTION 2024** Name of State/UT: **034, Jalandhar West (S.C.)**

| 1 | 2 | 3 | 4 | | | 5 | |
|---|---|---|---|---|---|---|---|
| Sl. No | Name of Candidate | Name of Constituency | Pending Criminal Cases | | | Details about cases of conviction for Criminal Offences | |
| | | | Name of Court | Case No. & Status of the Case(s) | Section of the Acts concerned & brief description of offence(s) | Name of Court & date(s) of order(s) | Description of offence(s) & Punishment Imposed |
| 1. | Mohinder Paul | 034, Jalandhar West (S.C.) | C.J.M Jalandhar | CHI/1899/2018 | U/S 143,149,186, 505 IPC | NIL | NIL |



## ਟ੍ਰੈਫਿਕ ਬਲਾਕ ਦੇ ਚਲਦੇ ਰੇਲਗੱਡੀਆਂ ਦਾ ਅਸਥਾਈ ਰੱਦਕਰਨਾ/ ਪੁਨਰਨਿਰਧਾਰਦ/ਆਂਸ਼ਿਕ ਰੱਦਕਰਨਾ/ਰੋਕਕੇ ਚਲਾਨਾ ਅਤੇ ਮਾਰਗ ਤਬਦੀਲੀ

ਆਧਾਰਿਤ ਅਵਸਰੰਚਨਾ ਨੂੰ ਅਤੇ ਸੰਰਖਸ਼ਾ ਮਾਨਕਾਂ ਨੂੰ ਹੋਰ ਬੇਹਤਰ ਕਰਨ ਦੇ ਉਦੇਸ਼ਯ ਤੋਂ ਉੱਤਰ ਰੇਲਵੇ ਦੁਵਾਰਾ ਮੁਰਾਦਾਬਾਦ ਡਵੀਜਨ ਦੇ ਰੁੜਕੀ - ਦੇਵਬੰਧ ਦੇ ਵਿਚ ਪ੍ਰੀ-ਨਾਨ ਇੰਟਰਲਾਕਿੰਗ ਅਤੇ ਨਾਨ-ਇੰਟਰਲਾਕਿੰ ਦਾ ਕੰਮ ਪੂਰਾ ਕੀਤਾ ਜਾਵੇਗਾ। ਇਸ ਕੰਮ ਦੇ ਸੁਰੱਖਿਅਤ ਪੂਰਾ ਕਰਨ ਦੇ ਲਈ ਉੱਤਰ ਰੇਲਵੇ ਦੁਵਾਰਾ 03.07.2024 ਤਕ ਉਪਯੁਤ ਟ੍ਰੈਫਿਕ ਬਲਾਕ ਲਿਤੇ ਜਾਣਗੇ। ਪਰਿਣਾਮਸਵਰੂਪ ਇਸ ਦੌਰਾਨ ਹੇਠਾ ਲਿਖੀਆ ਰੇਲਗੱਡੀਆਂ ਉਨ੍ਹਾਂ ਦੇ ਸਾਮਨੇ ਦਸੀ ਗਈ ਮਿਤੀਆਂ ਨੂੰ ਹੇਠਾ ਅਨੁਸਾਰ ਪ੍ਰਭਾਵਿਤ ਰਹੇਗੀ :

### ਰੇਲਗੱਡੀਆਂ ਦਾ ਰੱਦਕਰਨਾ

| ਰੇਲਗੱਡੀ ਨੰ: | ਰੇਲਗੱਡੀ ਦਾ ਨਾਮ | ਰੱਦ ਕਰਨ ਦੀ ਮਿਤੀ (ਸ਼ੁਰੂ ਸਟੇਸ਼ਨ ਤੋਂ) |
|---|---|---|
| 04374/04373 | ਦੇਹਰਾਦੂਨ - ਸਹਾਰਨਪੁਰ - ਦੇਹਰਾਦੂਨ ਸਪੈਸ਼ਲ ਐਕਸਪ੍ਰੈਸ | 27.06.24 ਤੋਂ 03.07.24 |
| 04301/04302 | ਮੁਰਾਦਾਬਾਦ - ਸਹਾਰਨਪੁਰ - ਮੁਰਾਦਾਬਦਾ ਐਮਈਐਮਯੂ ਸਪੈਸ਼ਲ ਐਕਸਪ੍ਰੈਸ | 27.06.24 ਤੋਂ 03.07.24 |
| 14304/14303 | ਹਰਿਦੁਵਾਰ ਜੰਕਸ਼ਨ - ਦਿੱਲੀ ਜੰਕਸ਼ਨ - ਹਰਿਦੁਵਾਰ ਜੰਕਸ਼ਨ ਸਪੈਸ਼ਲ ਐਕਸਪ੍ਰੈਸ | 01.07.24 ਤੋਂ 03.07.24 |
| 14306/14305 | ਹਰਿਦੁਵਾਰ ਜੰਕਸ਼ਨ - ਦਿੱਲੀ ਜੰਕਸ਼ਨ - ਹਰਿਦੁਵਾਰ ਜੰਕਸ਼ਨ ਸਪੈਸ਼ਲ ਐਕਸਪ੍ਰੈਸ | 01.07.24 ਤੋਂ 03.07.24 |
| 22458/22457 | ਦੇਹਰਾਦੂਨ - ਆਨੰਦ ਵਿਹਾਰ ਟਰਮੀਨਲ - ਦੇਹਰਾਦੂਨ ਬੰਦੇ ਭਾਰਤ ਐਕਸਪ੍ਰੈਸ | 01.07.24 ਤੋਂ 03.07.24 |
| 19031 | ਅਹਿਮਦਾਬਾਦ ਜੰਕਸ਼ਨ - ਯੋਗ ਨਗਰੀ ਰਿਸ਼ੀਕੇਸ਼ ਐਕਸਪ੍ਰੈਸ | 30.06.24 ਤੋਂ 02.07.24 |
| 19032 | ਯੋਗ ਨਗਰੀ ਰਿਸ਼ੀਕੇਸ਼ - ਅਹਿਮਦਾਬਾਦ ਜੰਕਸ਼ਨ ਐਕਸਪ੍ਰੈਸ | 01.07.24 ਤੋਂ 03.07.24 |
| 14310 | ਯੋਗ ਨਗਰੀ ਰਿਸ਼ੀਕੇਸ਼ - ਲਖਸ਼ਮੀਬਾਈ ਨਗਰ (ਇੰਦੋਰ) ਉਜੈਨੀ ਐਕਸਪ੍ਰੈਸ | 02.07.24, 03.07.24 |
| 14309 | ਲਖਸ਼ਮੀਬਾਈ ਨਗਰ (ਇੰਦੋਰ) - ਯੋਗ ਨਗਰੀ ਰਿਸ਼ੀਕੇਸ਼ ਉਜੈਨੀ ਐਕਸਪ੍ਰੈਸ | 03.07.24, 04.07.24 |
| 12054/12053 | ਅੰਮ੍ਰਿਤਸਰ ਜੰਕਸ਼ਨ - ਹਰਿਦੁਵਾਰ ਜੰਕਸ਼ਨ - ਅੰਮ੍ਰਿਤਸਰ ਜੰਕਸ਼ਨ ਜਨਸ਼ਤਾਬਦੀ ਐਕਸਪ੍ਰੈਸ | 28.06.24 ਤੋਂ 03.07.24 |
| 19020 | ਹਰਿਦੁਵਾਰ ਜੰਕਸ਼ਨ - ਬਾਂਦ੍ਰਾ ਟਰਮੀਨਸ ਐਕਸਪ੍ਰੈਸ | 01.07.24 |
| 19019 | ਬਾਂਦ੍ਰਾ ਟਰਮੀਨਸ - ਹਰਿਦੁਵਾਰ ਜੰਕਸ਼ਨ ਐਕਸਪ੍ਰੈਸ | 30.06.24 |
| 14815/14816 | ਸ੍ਰੀ ਗੰਗਾਨਗਰ - ਰਿਸ਼ੀਕੇਸ਼ - ਸ੍ਰੀ ਗੰਗਾਨਗਰ ਸਪੈਸ਼ਲ ਐਕਸਪ੍ਰੈਸ | 27.06.24 ਤੋਂ 03.07.24 |
| 22660 | ਯੋਗ ਨਗਰ ਰਿਸ਼ੀਕੇਸ਼ - ਕੋਚੁਵੇਲੀ ਐਕਸਪ੍ਰੈਸ | 01.07.24 |
| 22659 | ਕੋਚੁਵੇਲੀ - ਯੋਗ ਨਗਰ ਰਿਸ਼ੀਕੇਸ਼ ਐਕਸਪ੍ਰੈਸ | 28.06.24 |

### ਰੇਲਗੱਡੀਆਂ ਦਾ ਪੁਨਰਨਿਰਧਾਰਣ

| ਰੇਲਗੱਡੀ ਨੰ: ਅਤੇ ਨਾਮ | ਪੁਨਰਨਿਰਧਾਰਣ ਰੇਲਗੱਡੀਆਂ |
|---|---|
| 14618 ਅੰਮ੍ਰਿਤਸਰ ਜੰ: - ਬਨਮਨਖੀ ਜੰ: ਜਨਸੇਵਾ ਐਕਸਪ੍ਰੈਸ | ਰੇਲਗੱਡੀ ਮਿਤੀ 27.06.2024 ਤੋਂ 30.06.2024 ਤਕ ਅੰਮ੍ਰਿਤਸਰ ਜੰ: ਤੋਂ 06.35 ਵਜੇ ਦੀ ਜਗ੍ਹਾਂ ਉਤੇ 08.35 ਵਜੇ (120 ਮਿਨਟ ਦੇਰੀ ਤੋਂ) ਪ੍ਰਸਥਾਨ ਕਰੇਗੀ। |
| 19020 ਹਰਿਦੁਵਾਰ ਜੰ: - ਬਾਂਦ੍ਰਾ ਟਰਮੀਨਸ ਐਕਸਪ੍ਰੈਸ | ਰੇਲਗੱਡੀ ਮਿਤੀ 27.06.24, 29.06.24, 30.06.24 ਨੂੰ ਹਰਿਦੁਵਾਰ ਜੰ: ਤੋਂ 13.30 ਵਜੇ ਦੀ ਜਗ੍ਹਾਂ ਉਤੇ 14.15 ਵਜੇ (45 ਮਿਨਟ ਦੇਰੀ ਤੋਂ) ਪ੍ਰਸਥਾਨ ਕਰੇਗੀ। |
| 14718 ਹਰਿਦੁਵਾਰ ਜੰ: - ਬੀਕਾਨੇਰ ਜੰ: ਐਕਸਪ੍ਰੈਸ | ਰੇਲਗੱਡੀ ਮਿਤੀ 27.06.24, 29.06.24, ਨੂੰ ਹਰਿਦੁਵਾਰ ਜੰ: ਤੋਂ 16.45 ਵਜੇ ਦੀ ਜਗ੍ਹਾਂ ਉਤੇ 18.00 ਵਜੇ (75 ਮਿਨਟ ਦੇਰੀ ਤੋਂ) ਪ੍ਰਸਥਾਨ ਕਰੇਗੀ। |
| 04212 ਚੰਡੀਗੜ੍ਹ - ਵਾਰਾਣਸੀ ਜੰ: ਐਕਸਪ੍ਰੈਸ | ਰੇਲਗੱਡੀ ਮਿਤੀ 30.06.2024 ਨੂੰ ਚੰਡੀਗੜ੍ਹ ਤੋਂ 09.30 ਵਜੇ ਦੀ ਜਗ੍ਹਾਂ ਉਤੇ 11.30 ਵਜੇ (120 ਮਿਨਟ ਦੇਰੀ ਤੋਂ) ਪ੍ਰਸਥਾਨ ਕਰੇਗੀ। |

### ਰੇਲਗੱਡੀਆਂ ਦਾ ਆਂਸ਼ਿਕ ਰੱਦਕਰਨਾ

| ਰੇਲਗੱਡੀ ਨੰ: ਅਤੇ ਨਾਮ | ਸਟੇਸ਼ਨ ਜਿਥੇ ਰੇਲਗੱਡੀ ਯਾਤਰਾ ਖਤਮ/ਸ਼ੁਰੂ ਕਰੇਗੀ | ਸਟੇਸ਼ਨਾਂ ਦੇ ਵਿਚ ਰੱਦ ਰਹੇਗੀ | ਆਂਸ਼ਿਕ ਰੱਦਕਰਨ ਦੀ ਮਿਤੀ (ਸ਼ੁਰੂ ਸਟੇਸ਼ਨ ਤੋਂ) |
|---|---|---|---|
| 12018/12017 ਦੇਹਰਾਦੂਨ - ਨਵੀਂ ਦਿੱਲੀ - ਦੇਹਰਾਦੂਨ ਐਕਸਪ੍ਰੈਸ | ਸਹਾਰਨਪੁਰ ਉਤੇ/ਤੋਂ | ਦੇਹਰਾਦੂਨ - ਸਹਾਰਨਪੁਰ - ਦੇਹਰਾਦੂਨ | 01.07.24 ਤੋਂ 03.07.24 |
| 04502 ਊਨਾ ਹਿਮਾਚਲ - ਹਰਿਦੁਵਾਰ ਐਕਸਪ੍ਰੈਸ | ਅੰਬਾਲਾ ਕੈਂਟ ਜੰ: ਉਤੇ | ਅੰਬਾਲਾ ਕੈਂਟ ਜੰ: - ਹਰਿਦੁਵਾਰ | 02.07.24 ਤਕ |
| 04501 ਹਰਿਦੁਵਾਰ - ਊਨਾ ਹਿਮਾਚਲ ਐਕਸਪ੍ਰੈਸ | ਅੰਬਾਲਾ ਕੈਂਟ ਜੰ: ਤੋਂ | ਹਰਿਦੁਵਾਰ - ਅੰਬਾਲਾ ਕੈਂਟ ਜੰ: | 27.06.24 ਤੋਂ 03.07.24 |
| 12171 ਲੋਕਮਾਨਯ ਤਿਲਕ - ਹਰਿਦੁਵਾਰ ਐਕਸਪ੍ਰੈਸ | ਮੇਰਠ ਸਿਟੀ ਉਤੇ | ਮੇਰਠ ਸਿਟੀ - ਹਰਿਦੁਵਾਰ | 27.06.24, 01.07.24 |
| 12172 ਹਰਿਦੁਵਾਰ - ਲੋਕਮਾਨਯ ਤਿਲਕ ਐਕਸਪ੍ਰੈਸ | ਮੇਰਠ ਸਿਟੀ ਤੋਂ | ਹਰਿਦੁਵਾਰ - ਮੇਰਠ ਸਿਟੀ | 28.06.24, 02.07.24 |
| 22918 ਹਰਿਦੁਵਾਰ - ਬਾਂਦ੍ਰਾ ਟਰਮੀਨਸ ਐਕਸਪ੍ਰੈਸ | ਮੇਰਠ ਸਿਟੀ ਤੋਂ | ਹਰਿਦੁਵਾਰ - ਮੇਰਠ ਸਿਟੀ | 27.06.24 |

### ਰੋਕਕੇ ਚਲਾਈ ਜਾਣ ਵਾਲੀ ਰੇਲਗੱਡੀਆਂ

| ਰੇਲਗੱਡੀ ਨੰ: ਅਤੇ ਨਾਮ | ਵਿਨਿਯਮਿਤ ਰੇਲਗੱਡੀ |
|---|---|
| 14717 ਬੀਕਾਨੇਰ - ਹਰਿਦੁਵਾਰ ਐਕਸਪ੍ਰੈਸ | ਰੇਲਗੱਡੀ ਮਿਤੀ 28.06.24 ਨੂੰ ਅੰਬਾਲਾ ਕੈਂਟ ਜੰ: ਉਤੇ 75 ਮਿਨਟ ਰੋਕ ਕੇ ਚਲਾਈ ਜਾਵੇਗੀ। |
| 14616 ਅੰਮ੍ਰਿਤਸਰ - ਲਾਲਕੂੰਆਂ ਐਕਸਪ੍ਰੈਸ | ਰੇਲਗੱਡੀ ਮਿਤੀ 29.06.24 ਨੂੰ ਅੰਬਾਲਾ ਕੈਂਟ ਜੰ: ਉਤੇ 60 ਮਿਨਟ ਰੋਕ ਕੇ ਚਲਾਈ ਜਾਵੇਗੀ। |
| 14717 ਬੀਕਾਨੇਰ - ਹਰਿਦੁਵਾਰ ਐਕਸਪ੍ਰੈਸ | ਰੇਲਗੱਡੀ ਮਿਤੀ 01.07.24 ਨੂੰ ਅੰਬਾਲਾ ਕੈਂਟ ਜੰ: ਉਤੇ 30 ਮਿਨਟ ਰੋਕ ਕੇ ਚਲਾਈ ਜਾਵੇਗੀ। |
| 14618 ਅੰਮ੍ਰਿਤਸਰ ਜੰ: - ਬਨਮਨਖੀ ਜੰ ਐਕਸਪ੍ਰੈਸ | ਰੇਲਗੱਡੀ ਮਿਤੀ 02.07.24 ਤੋਂ 03.07.24 ਨੂੰ ਅੰਬਾਲਾ ਕੈਂਟ ਜੰ: ਉਤੇ 45 ਮਿਨਟ ਰੋਕ ਕੇ ਚਲਾਈ ਜਾਵੇਗੀ। |
| 19565 ਓਖਾ - ਦੇਹਰਾਦੂਨ ਐਕਸਪ੍ਰੈਸ | ਰੇਲਗੱਡੀ ਮਿਤੀ 28.06.24 ਨੂੰ ਦਿੱਲੀ ਜੰ: ਉਤੇ 45 ਮਿਨਟ ਰੋਕ ਕੇ ਚਲਾਈ ਜਾਵੇਗੀ। |
| 12911 ਬਲਸਾਡ - ਹਰਿਦੁਵਾਰ ਐਕਸਪ੍ਰੈਸ | ਰੇਲਗੱਡੀ ਮਿਤੀ 02.07.24 ਨੂੰ ਦਿੱਲੀ ਜੰ: ਉਤੇ 45 ਮਿਨਟ ਰੋਕ ਕੇ ਚਲਾਈ ਜਾਵੇਗੀ। |
| 12358 ਅੰਮ੍ਰਿਤਸਰ ਜੰ: - ਕੋਲਕਤਾ ਐਕਸਪ੍ਰੈਸ | ਰੇਲਗੱਡੀ ਮਿਤੀ 01.07.24 ਨੂੰ ਅੰਬਾਲਾ ਕੈਂਟ ਜੰ: ਉਤੇ 15 ਮਿਨਟ ਰੋਕ ਕੇ ਚਲਾਈ ਜਾਵੇਗੀ। |
| 22552 ਜਲੰਧਰ ਸ਼ਹਿਰ - ਦਰਭੰਗਾ ਜੰ: | ਰੇਲਗੱਡੀ ਮਿਤੀ 30.06.24 ਨੂੰ ਅੰਬਾਲਾ ਕੈਂਟ ਜੰ: ਉਤੇ 30 ਮਿਨਟ ਰੋਕ ਕੇ ਚਲਾਈ ਜਾਵੇਗੀ। |
| 14317 ਲਖਸ਼ਮੀ ਬਾਈ ਨਗਰ (ਇੰਦੋਰ) - ਯੋਗ ਨਗਰੀ ਰਿਸ਼ੀਕੇਸ਼ ਐਕਸਪ੍ਰੈਸ | ਰੇਲਗੱਡੀ ਮਿਤੀ 29.06.24 ਨੂੰ ਦਿੱਲੀ ਜੰ: ਉਤੇ 45 ਮਿਨਟ ਰੋਕ ਕੇ ਚਲਾਈ ਜਾਵੇਗੀ। |

### ਰੇਲਗੱਡੀਆਂ ਦਾ ਮਾਰਗ ਤਬਦੀਲੀ

| ਰੇਲਗੱਡੀ ਨੰ: ਅਤੇ ਗੱਡੀ ਦਾ ਨਾਮ | ਤਬਦੀਲੀ ਮਾਰਗ | ਮਿਤੀ |
|---|---|---|
| 15011 ਲਖਨਊ - ਚੰਡੀਗੜ੍ਹ ਐਕਸਪ੍ਰੈਸ | ਵਾਯਾ ਮੁਰਦਾਬਾਦ - ਮੇਰਠ ਸਿਟੀ - ਸਹਾਰਨਪੁਰ | 02.07.24 ਤਕ |
| 04517 ਗੋਰਖਪੁਰ - ਚੰਡੀਗੜ੍ਹ ਐਕਸਪ੍ਰੈਸ | ਵਾਯਾ ਮੁਰਦਾਬਾਦ - ਮੇਰਠ ਸਿਟੀ - ਸਹਾਰਨਪੁਰ | 28.06.24 |
| 14617 ਬਨਮਨਖੀ ਜੰਕਸ਼ਨ - ਅੰਮ੍ਰਿਤਸਰ ਐਕਸਪ੍ਰੈਸ | ਵਾਯਾ ਮੁਰਦਾਬਾਦ - ਮੇਰਠ ਸਿਟੀ - ਸਹਾਰਨਪੁਰ | 30.06.24 ਤੋਂ 02.07.24 |
| 14673 ਜੈਨਗਰ - ਅੰਮ੍ਰਿਤਸਰ ਐਕਸਪ੍ਰੈਸ | ਵਾਯਾ ਮੁਰਦਾਬਾਦ - ਮੇਰਠ ਸਿਟੀ - ਸਹਾਰਨਪੁਰ | 01.07.24 |
| 14649 ਜੈਨਗਰ - ਅੰਮ੍ਰਿਤਸਰ ਐਕਸਪ੍ਰੈਸ | ਵਾਯਾ ਮੁਰਦਾਬਾਦ - ਮੇਰਠ ਸਿਟੀ - ਸਹਾਰਨਪੁਰ | 30.06.24, 02.07.24 |
| 15903 ਡਿਬਰੂਗੜ੍ਹ - ਚੰਡੀਗੜ੍ਹ ਐਕਸਪ੍ਰੈਸ | ਵਾਯਾ ਮੁਰਦਾਬਾਦ - ਮੇਰਠ ਸਿਟੀ - ਸਹਾਰਨਪੁਰ | 01.07.24 |
| 04624 ਸ੍ਰੀ ਮਾਤਾ ਵੈਸ਼ਣੋ ਦੇਵੀ ਕਟਰਾ - ਵਾਰਾਣਸੀ | ਵਾਯਾ ਮੁਰਦਾਬਾਦ - ਮੇਰਠ ਸਿਟੀ - ਸਹਾਰਨਪੁਰ | 30.06.24 |
| 12326 ਨੰਗਲ ਡੈਮ - ਕੋਲਕਤਾ ਐਕਸਪ੍ਰੈਸ | ਵਾਯਾ ਮੁਰਦਾਬਾਦ - ਮੇਰਠ ਸਿਟੀ - ਸਹਾਰਨਪੁਰ | 29.06.24 |
| 123358 ਅੰਮ੍ਰਿਤਸਰ - ਕੋਲਕਤਾ ਐਕਸਪ੍ਰੈਸ | ਵਾਯਾ ਮੁਰਦਾਬਾਦ - ਮੇਰਠ ਸਿਟੀ - ਸਹਾਰਨਪੁਰ | 27.06.24 |
| 123318 ਅੰਮ੍ਰਿਤਸਰ - ਕੋਲਕਤਾ ਐਕਸਪ੍ਰੈਸ | ਵਾਯਾ ਮੁਰਦਾਬਾਦ - ਮੇਰਠ ਸਿਟੀ - ਸਹਾਰਨਪੁਰ | 28.06.24, 02.07.24 |
| 15015 ਅੰਮ੍ਰਿਤਸਰ - ਲਾਲ ਕੂੰਆਂ ਐਕਸਪ੍ਰੈਸ | ਵਾਯਾ ਮੁਰਦਾਬਾਦ - ਮੇਰਠ ਸਿਟੀ - ਸਹਾਰਨਪੁਰ | 03.07.24 |
| 12527 ਰਾਮਨਗਰ - ਚੰਡੀਗੜ੍ਹ ਐਕਸਪ੍ਰੈਸ | ਵਾਯਾ ਮੁਰਦਾਬਾਦ - ਮੇਰਠ ਸਿਟੀ - ਸਹਾਰਨਪੁਰ | 01.07.24 |
| 12317 ਕੋਲਕਤਾ - ਅੰਮ੍ਰਿਤਸਰ ਐਕਸਪ੍ਰੈਸ | ਵਾਯਾ ਮੁਰਦਾਬਾਦ - ਮੇਰਠ ਸਿਟੀ - ਸਹਾਰਨਪੁਰ | 30.06.24 |
| 04529 ਵਾਰਾਣਸੀ - ਬਠਿੰਡਾ ਜੰਕਸ਼ਨ ਐਕਸਪ੍ਰੈਸ | ਵਾਯਾ ਮੁਰਦਾਬਾਦ - ਮੇਰਠ ਸਿਟੀ - ਸਹਾਰਨਪੁਰ | 29.06.24 |
| 04679 ਗੁਵਾਹਟੀ - ਸ੍ਰੀ ਮਾਤਾ ਵੈਸ਼ਣੋ ਦੇਵੀ ਕਟਰਾ | ਵਾਯਾ ਮੁਰਦਾਬਾਦ - ਮੇਰਠ ਸਿਟੀ - ਸਹਾਰਨਪੁਰ | 01.07.24 |
| 22355 ਪਾਟਲੀਪੁਤਰ - ਚੰਡੀਗੜ੍ਹ ਐਕਸਪ੍ਰੈਸ | ਵਾਯਾ ਮੁਰਦਾਬਾਦ - ਮੇਰਠ ਸਿਟੀ - ਸਹਾਰਨਪੁਰ | 30.06.24 |
| 05656 ਗੁਵਾਹਟੀ - ਜੰਮੂ ਤਵੀ ਐਕਸਪ੍ਰੈਸ | ਵਾਯਾ ਮੁਰਦਾਬਾਦ - ਮੇਰਠ ਸਿਟੀ - ਸਹਾਰਨਪੁਰ | 01.07.24 |
| 12357 ਕੋਲਕਤਾ - ਅੰਮ੍ਰਿਤਸਰ ਐਕਸਪ੍ਰੈਸ | ਵਾਯਾ ਮੁਰਦਾਬਾਦ - ਮੇਰਠ ਸਿਟੀ - ਸਹਾਰਨਪੁਰ | 02.07.24 |

ਰੇਲਯਾਤਰੀਆਂ ਨੂੰ ਅਨੁਰੋਧ ਹੈ ਕਿ ਕਿਸੀ ਵੀ ਜਾਣਕਾਰੀ ਦੇ ਲਈ ਟੈਲੀਫੋਨ ਨੰ: 139 ਉਤੇ ਸੰਪਰਕ ਕਰੋ ਜਾਂ ਰੇਲਵੇ ਦੀ ਵੇਬਸਾਈਟ https://enquiry.indianrail.gov.in ਜਾਂ NTES ਦੇਖੋ।

ਰੇਲਮਦਦ ਵੇਬਸਾਈਟ ਦੇਖੋ: www.railmadad.indianrailways.gov.in ਰੇਲਮਦਦ ਐਪ ਡਾਊਨਲੋਡ ਕਰੋ

ਆਜ਼ਾਦੀ ਦਾ ਅੰਮ੍ਰਿਤ ਮਹੋਤਸਵ

ਉੱਤਰ ਰੇਲਵੇ

ਸਾਨੂੰ www.nr.indianrailways.gov.in ਉਤੇ ਮਿਲੋ

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

ਉਤੇ ਸਾਨੂੰ ਫਾਲੋ ਕਰੋ

# ਪੱਤਰਕਾਰ ਅਵਤਾਰ ਕਲੇਰ ਵੱਲੋਂ ਰੌਜ਼ਾ ਸ਼ਰੀਫ ਮੰਢਾਲੀ ਮੇਲੇ 'ਤੇ ਵਿਸ਼ੇਸ਼ ਸਪਲੀਮੈਂਟ

## ਗੱਦੀ ਨਸ਼ੀਨ ਸਾਈਂ ਉਮਰੇ ਸ਼ਾਹ ਜੀ ਕਾਦਰੀ ਵੱਲੋਂ ਸੱਯਦ ਉਲ ਸ਼ੇਖ ਬਾਬਾ ਅਬਦੁੱਲਾ ਸ਼ਾਹ ਜੀ ਕਾਦਰੀ ਦੇ ਮੇਲੇ ਦੀਆਂ ਸੰਗਤਾਂ ਨੂੰ ਲੱਖ-ਲੱਖ ਮੁਬਾਰਕਾਂ

ਗੱਦੀ ਨਸ਼ੀਨ
ਸਾਈਂ ਉਮਰੇ ਸ਼ਾਹ ਜੀ ਕਾਦਰੀ

ਡੇਰਾ 108 ਸੰਤ ਬਾਬਾ ਮੇਲਾ ਰਾਮ ਜੀ ਭਰੋਮਜਾਰਾ
ਮੰਢਾਲੀ ਮੇਲੇ ਦੀਆਂ ਇਲਾਕਾ ਨਿਵਾਸੀਆਂ ਨੂੰ ਲੱਖ ਲੱਖ ਵਧਾਈਆਂ
ਸੰਤ ਕੁਲਵੰਤ ਰਾਮ ਜੀ
ਪ੍ਰਧਾਨ ਸ੍ਰੀ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਰਜਿ. ਪੰਜਾਬ
ਸੰਤ ਡਾ. ਲਛਮਣ ਦਾਸ ਜੀ ਭਰੋਮਜਾਰਾ

ਮੰਢਾਲੀ ਮੇਲੇ ਦੀਆਂ ਇਲਾਕਾ ਨਿਵਾਸੀਆਂ ਨੂੰ ਲੱਖ ਲੱਖ ਵਧਾਈਆਂ
ਸਤਵੀਰ ਸਿੰਘ ਪੱਲੀਝਿੱਕੀ
ਸਾਬਕਾ ਚੇਅਰਮੈਨ ਜ਼ਿਲ੍ਹਾ ਯੋਜਨਾ ਬੋਰਡ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ

ਮੰਢਾਲੀ ਮੇਲੇ ਦੀਆਂ ਇਲਾਕਾ ਨਿਵਾਸੀਆਂ ਨੂੰ ਲੱਖ ਲੱਖ ਵਧਾਈਆਂ
ਕੁਲਜੀਤ ਸਿੰਘ ਸਰਹਾਲ
ਹਲਕਾ ਇੰਚਾਰਜ ਬੰਗਾ ਤੇ ਵਾਈਸ ਚੇਅਰਮੈਨ ਪੰਜਾਬ ਜਲ ਸਰੋਤ ਪ੍ਰਬੰਧਨ ਤੇ ਵਿਕਾਸ ਕਾਰਪੋਰੇਸ਼ਨ

ਕਮਲਜੀਤ ਬੰਗਾ
ਮੈਂਬਰ ਜ਼ਿਲ੍ਹਾ ਪ੍ਰੀਸ਼ਦ
ਪ੍ਰਧਾਨ ਕਿਸਾਨ ਕਾਂਗਰਸ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ

ਮੰਢਾਲੀ ਮੇਲੇ ਦੀਆਂ ਇਲਾਕਾ ਨਿਵਾਸੀਆਂ ਨੂੰ ਲੱਖ ਲੱਖ ਵਧਾਈਆਂ
ਹਰਜੋਤ ਕੌਰ ਲੋਹਟੀਆ
ਸੂਬਾ ਸਕੱਤਰ
ਆਮ ਆਦਮੀ ਪਾਰਟੀ (ਮਹਿਲਾ ਵਿੰਗ)

ਦੰਦਾਂ ਦੀ ਓ.ਪੀ.ਡੀ ਕਫਾਇਤੀ ਕੀਮਤ 'ਤੇ ਹੁਣ ਢਾਹਾਂ-ਕਲੇਰਾਂ ਵਿੱਚ
ਮਿਲਣ ਦਾ ਸਮਾਂ
ਸਵੇਰੇ 9:00 ਵਜੇ ਤੋਂ ਦੁਪਹਿਰ 3:00 ਵਜੇ ਤੱਕ (ਸੋਮਵਾਰ ਤੋਂ ਸ਼ਨੀਵਾਰ)
ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ
ਉਪਲੱਬਧ ਸੇਵਾਵਾਂ
- ਫਿਕਸ ਜਵਾੜੇ ਲਗਾਉਣਾ
- ਦੰਦਾਂ ਦੀਆਂ ਨਸਾਂ ਦਾ ਇਲਾਜ
- ਪੱਕੇ ਦੰਦ ਲਗਾਉਣਾ
- ਦੰਦਾਂ ਦੀ ਸਫਾਈ
- ਟੇਡੇ ਮੇਡੇ ਦੰਦਾਂ ਨੂੰ ਤਾਰਾਂ ਪਾ ਕੇ ਸਿੱਧੇ ਕਰਨਾ
- ਖਰਾਬ ਹੋਏ ਦੰਦਾਂ ਨੂੰ ਬਿਨਾ ਦਰਦ ਬਾਹਰ ਕੱਢਣਾ
- ਦੰਦਾਂ ਦੀਆਂ ਖੋੜਾਂ ਨੂੰ ਭਰਨਾ
- ਦੰਦਾਂ ਦੇ ਐਕਸ-ਰੇ
- ਦੰਦਾਂ ਦੀ ਹਰ ਪ੍ਰਕਾਰ ਦੀ ਬਿਮਾਰੀ ਦਾ ਇਲਾਜ
- ਹੱਡੀ ਵਿੱਚ ਫਸੇ ਹੋਏ ਦੰਦ ਨੂੰ ਬਾਹਰ ਕੱਢਣਾ
- ਦੰਦਾਂ ਅਤੇ ਜਵਾੜੇ ਦੀਆਂ ਰਸੌਲੀਆਂ ਦਾ ਇਲਾਜ
- ਬਾਇਓਪਸੀ ਸਰਜਰੀ
- ਟੁੱਟੇ ਹੋਏ ਜਬਾੜੇ ਦਾ ਆਪਰੇਸ਼ਨ
ਡਾ. ਜਗਜੀਤ ਸਿੰਘ
ਬੀ.ਡੀ.ਐਸ, ਐਮ.ਡੀ.ਐਸ
(ਮੈਕਸੀਲੋਫੇਸ਼ੀਅਲ ਸਰਜਨ)
CONTACT US
+91-91158-60260

ਡੇਰਾ ਬਾਬਾ ਵਸਾਉ ਦਾਸ ਜੀ
ਸੰਤ ਮੰਗਲ ਦਾਸ ਜੀ ਸੱਚਖੰਡ ਈਸਪੁਰ (ਹੁਸ਼ਿਆਰਪੁਰ)
ਬ੍ਰਹਮਲੀਨ ਸੰਤ ਮੰਗਲ ਦਾਸ ਜੀ
ਗੱਦੀ ਨਸ਼ੀਨ ਸੰਤ ਹਰਵਿੰਦਰ ਦਾਸ ਜੀ

ਮੰਢਾਲੀ ਮੇਲੇ ਦੀਆਂ ਇਲਾਕਾ ਨਿਵਾਸੀਆਂ ਨੂੰ ਲੱਖ-ਲੱਖ ਵਧਾਈਆਂ
ਧਰਮਿੰਦਰ ਸਿੰਘ, ਨੰਬਰਦਾਰ ਮੰਢਾਲੀ

ਮੰਢਾਲੀ ਮੇਲੇ ਦੀਆਂ ਇਲਾਕਾ ਨਿਵਾਸੀਆਂ ਨੂੰ ਲੱਖ-ਲੱਖ ਵਧਾਈਆਂ
ਬਲਜੀਤ ਸਿੰਘ ਸਰਪੰਚ ਕੁਲਥਮ

ਮੰਢਾਲੀ ਮੇਲੇ ਦੀਆਂ ਇਲਾਕਾ ਨਿਵਾਸੀਆਂ ਨੂੰ ਲੱਖ-ਲੱਖ ਵਧਾਈਆਂ
ਡੇਰਾ ਸੰਤ ਬਾਬਾ ਅਮਰਦਾਸ ਜੀ ਅਮਰਪੁਰੀ ਕੁੱਟੀਆਂ ਚੱਕ ਕਲਾਲ
ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ
ਗੱਦੀ ਨਸ਼ੀਨ ਬਾਬਾ ਸੁਖਦੇਵ ਸਿੰਘ ਜੀ

ਰੌਜ਼ਾ ਸ਼ਰੀਫ ਮੰਢਾਲੀ ਮੇਲੇ 'ਤੇ ਦੇਸ਼-ਵਿਦੇਸ਼ ਤੋਂ ਆਉਣ ਵਾਲੀਆਂ ਸੰਗਤਾਂ ਨੂੰ ਜੀ ਆਇਆਂ
ਅਸ਼ੋਕ ਕੁਮਾਰ ਸਰਪੰਚ, ਪਿੰਡ ਖੋਥੜਾਂ
ਇੰਜ. ਮਲਕੀਤ ਮੰਢਾਲੀ

ਡੇਰਾ ਬਾਬਾ ਦੁੱਧਾਧਾਰੀ
ਮਹੰਤ ਗੁਰਬਚਨ ਦਾਸ ਨਗਰ (ਫਰਾਲਾ)
ਗੱਦੀ ਨਸ਼ੀਨ ਸੰਤ ਪ੍ਰੇਮ ਦਾਸ

ਮੰਢਾਲੀ ਮੇਲੇ ਦੀਆਂ ਇਲਾਕਾ ਨਿਵਾਸੀਆਂ ਨੂੰ ਲੱਖ-ਲੱਖ ਵਧਾਈਆਂ
ਗਾਇਕ ਪ੍ਰੇਮ ਹੀਰਾ
ਮੋਬਾ. 98150-38950

ਚੌਹਾਨ ਮਿਊਜ਼ੀਕਲ ਗਰੁੱਪ
ਪਿੰਡ ਖਾਨਖਾਨਾ, ਜ਼ਿਲ੍ਹਾ ਸ਼.ਭ.ਸ. ਨਗਰ
ਮੋਬਾਇਲ-98724-44291

ਗਾਇਕ ਇਰਵਨ ਰੱਤੂ
ਸਾਬਕਾ ਬਲਾਕ ਸੰਮਤੀ ਮੈਂਬਰ, ਬੰਗਾ
ਪਿੰਡ ਝੰਡੇਰਾ (ਸ਼ਹੀਦ ਭਗਤ ਸਿੰਘ ਨਗਰ)

ਮੰਢਾਲੀ ਮੇਲੇ ਦੀਆਂ ਇਲਾਕਾ ਨਿਵਾਸੀਆਂ ਨੂੰ ਲੱਖ ਲੱਖ ਵਧਾਈਆਂ
ਕਾਮਰੇਡ ਸੁਤੰਤਰ ਕੁਮਾਰ, ਜ਼ਿਲ੍ਹਾ ਸਕੱਤਰ ਸੀ ਪੀ ਆਈ, (ਸ.ਭ.ਸ.ਨਗਰ)
ਕਾਮਰੇਡ ਨਰੰਜਣ ਦਾਸ ਮੇਹਲੀ, ਜ਼ਿਲ੍ਹਾ ਕਾਰਜਕਾਰੀ ਸਕੱਤਰ ਸੀ ਪੀ ਆਈ, (ਸ.ਭ.ਸ.ਨਗਰ)
ਕਾਮਰੇਡ ਜਸਵਿੰਦਰ ਸਿੰਘ ਭੰਗਲ, ਤਹਿਸੀਲ ਸਕੱਤਰ, ਸੀ ਪੀ ਆਈ, ਨਵਾਂ ਸ਼ਹਿਰ

ਮੰਢਾਲੀ ਮੇਲੇ ਦੀਆਂ ਇਲਾਕਾ ਨਿਵਾਸੀਆਂ ਨੂੰ ਲੱਖ-ਲੱਖ ਵਧਾਈਆਂ
ਅਮਰਜੀਤ ਮੇਹਲੀ ਬੀਬੀ ਸ਼ੀਲਾ ਰਾਣੀ ਮੇਹਲੀ
ਪੁੱਤਰ-ਨੂੰਹ ਸ਼ਹੀਦ ਕਾਮਰੇਡ ਮਲਕੀਤ ਚੰਦ ਮੇਹਲੀ

ਅਵਤਾਰ ਕਲੇਰ ਪੱਤਰਕਾਰ | ਰਜਿੰਦਰ ਕੌਰ ਕਲੇਰ | ਇੰਜ. ਸੂਰਜ ਕਲੇਰ | ਅਕਾਸ਼ ਕਲੇਰ
ਮੋਬਾਇਲ-98721-16412, 99880-16412

## ਅੰਤਰਰਾਸ਼ਟਰੀ ਐਂਟੀ ਡਰੱਗ ਡੇ ਦੇ ਸੰਬੰਧ 'ਚ ਸਾਂਝ ਕੇਂਦਰ ਕਰਤਾਰਪੁਰ ਵੱਲੋਂ ਸੈਮੀਨਾਰ




ਕਰਤਾਰਪੁਰ (ਹਰਮੇਸ਼ ਦੱਤ)- ਸਪੈਸ਼ਲ ਡਾਇਰੈਕਟਰ ਜਨਰਲ ਪੁਲਸ ਕਮਿਊਨਿਟੀ ਅਫੇਅਰ ਡਵੀਜ਼ਨ ਚੰਡੀਗੜ੍ਹ ਪੰਜਾਬ ਦੀਆਂ ਹਦਾਇਤਾਂ ਅਨੁਸਾਰ ਅਤੇ ਐਸ ਐਸ ਪੀ ਜਲੰਧਰ ਦਿਹਾਤੀ ਅੰਕੁਰ ਗੁਪਤਾ ਦੇ ਦਿਸ਼ਾ ਨਿਰਦੇਸ਼ ਅਨੁਸਾਰ, ਮਨਜੀਤ ਕੌਰ ਜ਼ਿਲ੍ਹਾ ਕਮਿਊਨਿਟੀ ਪੁਲਸ ਅਫ਼ਸਰ ਜਲੰਧਰ ਦਿਹਾਤੀ ਦੀ ਦੇਖ ਰੇਖ ਹੇਠ 26 ਜੂਨ ਨੂੰ ਡੀ ਐਸ ਪੀ ਸਬ ਡਵੀ. ਕਰਤਾਰਪੁਰ ਪਲਵਿੰਦਰ ਸਿੰਘ ਅਤੇ ਏ ਐਸ ਆਈ ਨਰਿੰਦਰ ਸਿੰਘ ਸੁਪਰਵਾਈਜ਼ਰ ਸ/ਡ ਸਾਂਝ ਕੇਂਦਰ ਕਰਤਾਰਪੁਰ ਦੀ ਸੁਪਰਵਿਜ਼ਨ ਹੇਠ ਸ/ਡ ਸਾਂਝ ਕੇਂਦਰ ਕਰਤਾਰਪੁਰ ਵੱਲੋਂ ਨਸ਼ਿਆਂ ਦੀ ਰੋਕਥਾਮ ਸਬੰਧੀ ਬੱਸ ਸਟੈਂਡ ਚੌਕ ਕਰਤਾਰਪੁਰ ਵਿਖੇ ਅੰਤਰਰਾਸ਼ਟਰੀ ਐਂਟੀ ਡਰੱਗ ਡੇ ਦੇ ਸਬੰਧ ਵਿੱਚ ਸੈਮੀਨਾਰ ਕੀਤਾ ਗਿਆ।ਏ ਐਸ ਆਈ ਜਗਤਾਰ ਸਿੰਘ ਵੱਲੋਂ ਸੈਮੀਨਾਰ ਵਿੱਚ ਹਾਜ਼ਰ ਆਮ ਪਬਲਿਕ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਤੋਂ ਜਾਣੂ ਕਰਾਇਆ। ਨਸ਼ਿਆਂ ਤੋ ਬਚ ਕੇ ਰਹਿਣ ਅਤੇ ਅੰਤਰਰਾਸ਼ਟਰੀ ਐਂਟੀ ਡਰੱਗ ਡੇ ਸਬੰਧੀ ਜਾਗਰੂਕ ਕੀਤਾ ਗਿਆ। ਇਸ ਤੋਂ ਇਲਾਵਾ ਸਾਂਝ ਕੇਂਦਰ ਵੱਲੋਂ ਦਿੱਤੀਆਂ ਜਾਣ ਵਾਲੀਆਂ ਸੇਵਾਵਾਂ, ਔਰਤਾਂ, ਬੱਚਿਆਂ ਅਤੇ ਬਜ਼ੁਰਗਾਂ ਦੀ ਸਹਾਇਤਾ ਲਈ ਪੁਲਸ ਹੈਲਪ ਲਾਈਨ ਨੰਬਰ 181, 112 ਅਤੇ 1091 ਦੀ ਵਰਤੋਂ ਬਾਰੇ ਅਤੇ ਸ਼ਕਤੀ ਐਪ ਸਬੰਧੀ ਜਾਣਕਾਰੀ ਦਿੱਤੀ ਗਈ। ਸੈਮੀਨਾਰ ਵਿੱਚ ਸੀਨੀਅਰ ਸਿਪਾਹੀ ਗੁਰਪ੍ਰੀਤ ਸਿੰਘ ਤੇ ਸਾਂਝ ਕੇਂਦਰ ਦੇ ਸੈਕਟਰੀ ਜਸਪਾਲ ਸਿੰਘ ਤੇ ਕਮੇਟੀ ਮੈਂਬਰ ਤਜਿੰਦਰ ਸਿੰਘ ਹਾਜ਼ਰ ਸਨ।

## ਸੇਂਟ ਸੋਲਜਰ ਲਾਅ ਕਾਲਜ ਨੇ 51ਵਾਂ ਆਲ ਇੰਡੀਆ ਰੈਂਕ ਕੀਤਾ ਹਾਸਲ



ਜਲੰਧਰ (ਇਕਬਾਲ ਸਿੰਘ ਉਭੀ)- ਸੇਂਟ ਸੋਲਜਰ ਲਾਅ ਕਾਲਜ ਨੇ ਸਾਲ 2024 ਲਈ ਇੰਡੀਆ ਟੂਡੇ ਦੁਆਰਾ ਕੀਤੇ ਗਏ ਵਿਸ਼ਲੇਸ਼ਣ ਅਤੇ ਰੈਂਕਿੰਗ ਦੇ ਅਨੁਸਾਰ ਦੇਸ਼ ਦੀਆਂ ਲਾਅ ਯੂਨੀਵਰਸਿਟੀਆਂ ਅਤੇ ਕਾਲਜਾਂ ਵਿੱਚੋਂ 51ਵਾਂ ਆਲ ਇੰਡੀਆ ਰੈਂਕ ਹਾਸਲ ਕੀਤਾ ਹੈ। ਕਾਲਜ ਦੀ ਮਹੱਤਵਪੂਰਨ ਵਿਸ਼ੇਸ਼ਤਾ ਇਹ ਹੈ ਕਿ ਸੂਚੀਬੱਧ 66 ਕਾਨੂੰਨ ਸੰਸਥਾਵਾਂ ਦੀ ਦਰਜਾਬੰਦੀ ਵਿੱਚ, ਸੇਂਟ ਸੋਲਜਰ ਗਰੁੱਪ ਪੰਜਾਬ ਰਾਜ ਵਿੱਚੋਂ ਦੂਜੀ ਸੰਸਥਾ ਹੈ। ਗਰੁੱਪ ਦੇ ਚੇਅਰਮੈਨ ਅਨਿਲ ਚੋਪੜਾ ਅਤੇ ਵਾਈਸ ਚੇਅਰਪਰਸਨ ਸੰਗੀਤਾ ਚੋਪੜਾ ਨੇ ਕਿਹਾ ਕਿ ਸੇਂਟ ਸੋਲਜਰ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪ੍ਰਸਿੱਧੀ ਵਾਲੇ ਜੱਜਾਂ, ਕਾਰਪੋਰੇਟ ਵਕੀਲਾਂ ਅਤੇ ਕੰਪਨੀ ਪਲੇਸਮੈਂਟ ਲਈ ਪ੍ਰਸਿੱਧ ਹੈ। ਉਨ੍ਹਾਂ ਕਿਹਾ ਕਿ ਪਿਛਲੀ ਪ੍ਰਤੀਯੋਗੀ ਪ੍ਰੀਖਿਆ ਦੌਰਾਨ, ਛੇ ਕਾਲਜ ਦੇ ਵਿਦਿਆਰਥੀ ਪੰਜਾਬ ਵਿੱਚ ਅਤੇ ਦੋ ਹਰਿਆਣਾ ਵਿੱਚ ਸਿਵਲ ਜੱਜ ਕਮ ਜੁਡੀਸ਼ੀਅਲ ਮੈਜਿਸਟਰੇਟ ਵਜੋਂ ਚੁਣੇ ਗਏ ਸਨ। ਚਾਰ ਵਿਦਿਆਰਥੀ ਪੰਜਾਬ ਸਰਕਾਰ ਵਿੱਚ ਲਾਅ ਅਫਸਰ ਅਤੇ ਬਾਕੀ ਤਿੰਨ ਨੂੰ ਪੁਲਸ ਅਫਸਰ ਵਜੋਂ ਚੁਣਿਆ ਗਿਆ। ਪ੍ਰੋਫੈਸ਼ਨਲ ਪ੍ਰੈਕਟਿਸ ਕਲਾਸਾਂ, ਮੂਟ ਕੋਰਟ ਕਲਾਸਾਂ, ਹਰ ਸਮੈਸਟਰ ਤੋਂ ਬਾਅਦ ਇੰਟਰਨਸ਼ਿਪ, ਸਮਾਰਟ ਕਲਾਸ ਰੂਮਾਂ ਵਿੱਚ ਸੰਚਾਰ ਹੁਨਰ ਦੀ ਸਿਖਲਾਈ, ਪੂਰੀ ਤਰ੍ਹਾਂ ਨਾਲ ਲੈਸ ਕੰਪਿਊਟਰ ਲੈਬਾਂ ਵਿੱਚ ਪ੍ਰੋਜੈਕਟਰ ਦੀ ਵਰਤੋਂ ਕਰਨ ਅਤੇ ਆਧੁਨਿਕ ਸਿੱਖਿਆ ਸ਼ਾਸਤਰ ਦੀ ਸਿਖਲਾਈ, ਮੈਗਜ਼ੀਨਾਂ ਨਾਲ ਭਰਪੂਰ ਲਾਇਬ੍ਰੇਰੀ, ਰਿਪੋਰਟਰ ਅਤੇ ਔਨਲਾਈਨ ਪਹੁੰਚ ਦੀ ਸਹੂਲਤ ਵਿਦਿਆਰਥੀਆਂ ਨੂੰ ਕੰਮ ਕਰਨ ਦੇ ਯੋਗ ਬਣਾਇਆ ਗਿਆ ਹੈ। ਆਪਣੀ ਸਕਾਲਰਸ਼ਿਪ ਦੀ ਮਿਆਦ ਦੇ ਦੌਰਾਨ ਯੂਐਸ ਫਰਮਾਂ ਵਿੱਚ ਔਨਲਾਈਨ. ਕਾਲਜ ਬੀ ਏ ਵਰਗੇ ਆਧੁਨਿਕ ਕੋਰਸਾਂ ਨੂੰ ਸ਼ੁਰੂ ਕਰਨ ਵਿੱਚ ਮੋਹਰੀ ਹੈ। ਐਲ ਐਲ ਬੀ, ਬੀ.ਕੋਮ. ਐਲ.ਐਲ.ਬੀ,ਪੀ. ਜੀ, ਡਿਪਲੋਮਾ ਇਨ ਸਾਈਬਰ ਲਾਅ ਵਿੱਚ ਖੋਜ ਅਧਾਰਤ ਸਿਖਲਾਈ ਸਮੱਗਰੀ ਦੇ ਨਾਲ, ਨਤੀਜੇ ਵਜੋਂ ਨਾਮਵਰ ਵਕੀਲਾਂ ਅਤੇ ਕਾਨੂੰਨ ਫਰਮਾਂ ਵਿੱਚ ਇਸ ਦੇ ਪਾਸ ਆਊਟ ਦੀ ਮੰਗ ਵਧ ਰਹੀ ਹੈ। ਕਾਲਜ ਰਾਜ ਦੇ ਲਾਅ ਕਾਲਜਾਂ ਵਿੱਚੋਂ ਨੰਬਰ ਇੱਕ ਵਿਦਿਆਰਥੀ ਤਾਕਤ ਹੈ। ਇਹ ਇਕਲੌਤਾ ਲਾਅ ਕਾਲਜ ਹੈ ਜਿਸ ਕੋਲ ਐਨ ਸੀ ਸੀ ਗਰਲਜ਼ ਵਿੰਗ, ਸਰਕਾਰ ਦੁਆਰਾ ਪ੍ਰਵਾਨਿਤ ਐਨਐਸਐਸ ਯੂਨਿਟ ਅਤੇ ਅੰਦਰੂਨੀ ਅਤੇ ਬਾਹਰੀ ਖੇਡਾਂ ਲਈ ਅਤਿ-ਆਧੁਨਿਕ ਸਹੂਲਤਾਂ ਹਨ। ਨਤੀਜੇ ਵਜੋਂ, ਕਾਲਜ ਨੇ ਰਾਸ਼ਟਰੀ ਪੱਧਰ ਦੇ ਨਿਸ਼ਾਨੇਬਾਜ਼ ਪੈਦਾ ਕੀਤੇ ਹਨ ਜਿਨ੍ਹਾਂ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀਆਂ ਜੇਤੂ ਟੀਮਾਂ ਦੇ ਹਿੱਸੇ ਵਜੋਂ ਭਾਗ ਲਿਆ ਹੈ। ਕਾਲਜ ਨੇ ਲਗਾਤਾਰ 13 ਸਾਲਾਨਾ ਮੂਟ ਕੋਰਟ ਮੁਕਾਬਲੇ ਕਰਵਾਏ ਹਨ।

## ਕਾਮਰੇਡ ਕੁਲਵੰਤ ਸਿੰਘ ਕਿਰਤੀ ਸਦੀਵੀ ਵਿਛੋੜਾ ਦੇ ਗਏ

### * ਪਾਸਲਾ, ਜਾਮਾਰਾਏ ਤੇ ਸਾਥੀਆਂ ਨੇ ਭੇਟ ਕੀਤੀ ਸ਼ਰਧਾਂਜਲੀ



ਜਲੰਧਰ ; ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰ.ਐਮ.ਪੀ.ਆਈ.) ਦੀ ਫਾਜ਼ਿਲਕਾ ਜ਼ਿਲ੍ਹਾ ਕਮੇਟੀ ਦੇ ਪ੍ਰਧਾਨ, ਉੱਘੇ ਕਿਸਾਨ ਘੁਲਾਟੀਏ, ਜਮਹੂਰੀ ਕਿਸਾਨ ਸਭਾ ਦੇ ਸੂਬਾਈ ਅਹੁਦੇਦਾਰ ਸਾਥੀ ਕੁਲਵੰਤ ਸਿੰਘ ਕਿਰਤੀ ਵਾਸੀ ਸੀਡ ਫਾਰਮ ਅਬੋਹਰ ਅੱਜ ਸੁਬ੍ਹਾ ਸਦੀਵੀ ਵਿਛੋੜਾ ਦੇ ਗਏ। ਆਪ ਪਿਛਲੇ ਕੁਝ ਸਾਲਾਂ ਤੋਂ ਕੈਂਸਰ ਦੀ ਨਾਮੁਰਾਦ ਬਿਮਾਰੀ ਤੋਂ ਪੀੜਤ ਸਨ ਅਤੇ ਇਸ ਵੇਲੇ ਮੈਡੀਕਲ ਯੂਨੀਵਰਸਿਟੀ ਫਰੀਦਕੋਟ ਵਿਖੇ ਜ਼ੇਰੇ ਇਲਾਜ ਸਨ। ਸਾਥੀ ਕਿਰਤੀ ਬਿਮਾਰੀ ਨਾਲ ਜੁੜੀਆਂ ਬੇਸ਼ੁਮਾਰ ਤਕਲੀਫਾਂ ਦੀ ਪ੍ਰਵਾਹ ਨਾ ਕਰਦਿਆਂ ਅੰਤਲੇ ਸਾਹਾਂ ਤੱਕ ਲੋਕ ਹਿੱਤਾਂ ਲਈ ਜੂਝਦੇ ਰਹੇ।ਪਾਰਟੀ ਦੇ ਜਨਰਲ ਸਕੱਤਰ ਕਾਮਰੇਡ ਮੰਗਤ ਰਾਮ ਪਾਸਲਾ, ਪੰਜਾਬ ਰਾਜ ਕਮੇਟੀ ਦੇ ਪ੍ਰਧਾਨ, ਸਕੱਤਰ ਤੇ ਕੈਸ਼ੀਅਰ ਸਾਥੀ ਰਤਨ ਸਿੰਘ ਰੰਧਾਵਾ, ਪਰਗਟ ਸਿੰਘ ਜਾਮਾਰਾਏ ਤੇ ਪ੍ਰੋ. ਜੈਪਾਲ ਸਿੰਘ, ਕੇਂਦਰੀ ਕਮੇਟੀ ਦੇ ਮੈਂਬਰਾਨ ਸਾਥੀ ਰਘਬੀਰ ਸਿੰਘ ਬਟਾਲਾ, ਗੁਰਨਾਮ ਸਿੰਘ ਦਾਊਦ ਅਤੇ ਮਹੀਪਾਲ, ਜ਼ਿਲ੍ਹਾ ਕਮੇਟੀ ਦੇ ਸਕੱਤਰ ਸਾਥੀ ਗੁਰਮੇਜ ਲਾਲ ਗੇਜੀ ਅਤੇ ਜ਼ਿਲ੍ਹਾ ਕਮੇਟੀ ਮੈਂਬਰਾਨ ਸਾਥੀ ਸਾਹਿਬ ਰਾਮ, ਜੱਗਾ ਸਿੰਘ, ਜੈਮਲ ਰਾਮ, ਤੇਜਾ ਸਿੰਘ, ਰਮੇਸ਼ ਵਡੇਰਾ ਅਤੇ ਸਾਥੀ ਕੁਲਵੰਤ ਸਿੰਘ ਕਿਰਤੀ ਨਾਲ ਲੰਮਾ ਸਮਾਂ ਕੰਮ ਕਰਨ ਵਾਲੇ ਅਵਤਾਰ ਸਿੰਘ ਨੇ ਉਨ੍ਹਾਂ ਦੇ ਅਸਹਿ ਵਿਛੋੜੇ ਨੂੰ ਪਾਰਟੀ ਅਤੇ ਜਮਹੂਰੀ ਲਹਿਰ ਲਈ ਕਦੀ ਨਾ ਪੂਰਾ ਹੋਣਾ ਵਾਲਾ ਘਾਟਾ ਕਰਾਰ ਦਿੰਦਿਆਂ ਸਾਥੀ ਦੇ ਪਰਵਾਰ ਨਾਲ ਦੁੱਖ ਸਾਂਝਾ ਕੀਤਾ ਹੈ।

ਇਸੇ ਦੌਰਾਨ ਜਮਹੂਰੀ ਕਿਸਾਨ ਸਭਾ ਪੰਜਾਬ, ਜਿਸ ਦੇ ਸਾਥੀ ਕਿਰਤੀ ਸੰਸਥਾਪਕ ਆਗੂ ਸਨ, ਦੇ ਪ੍ਰਧਾਨ ਡਾਕਟਰ ਸਤਨਾਮ ਸਿੰਘ ਅਜਨਾਲਾ, ਜਨਰਲ ਸਕੱਤਰ ਕੁਲਵੰਤ ਸਿੰਘ ਸੰਧੂ, ਵਿੱਤ ਸਕੱਤਰ ਹਰਪ੍ਰੀਤ ਬੁਟਾਰੀ, ਜਥੇਬੰਦਕ ਸਕੱਤਰ ਰਘਬੀਰ ਸਿੰਘ ਬੈਨੀਪਾਲ ਨੇ ਸਾਥੀ ਕਿਰਤੀ ਨੂੰ ਸੰਗਰਾਮੀ ਸ਼ਰਧਾਂਜਲੀ ਭੇਟ ਕੀਤੀ।

## ਫਰਾਲਾ ਵਿਖੇ ਸੰਤਾਂ ਦਾ ਬਰਸੀ ਸਮਾਗਮ 4 ਨੂੰ



ਬੰਗਾ (ਅਵਤਾਰ ਕਲੇਰ)- ਡੇਰਾ ਬਾਬਾ ਲਹਿਣਾ ਦਾਸ ਜੀ ਮਹੰਤ ਗੁਰਬਚਨ ਦਾਸ ਨਗਰ (ਫਰਾਲਾ) ਵਿਖੇ ਮਹੰਤ ਗੁਰਬਚਨ ਦਾਸ, ਮਹੰਤ ਪਿਰਥੀ ਦਾਸ ਅਤੇ ਮਹੰਤ ਧਿਆਨ ਦਾਸ ਦਾ ਸਲਾਨਾ ਬਰਸੀ ਸਮਾਗਮ 4 ਜੁਲਾਈ ਨੂੰ ਮਨਾਇਆ ਜਾਵੇਗਾ। ਇਸ ਸਬੰਧੀ ਜਾਣਕਾਰੀ ਦਿੰਦਿਆਂ ਗੱਦੀਨਸ਼ੀਨ ਸੰਤ ਪ੍ਰੇਮ ਦਾਸ ਨੇ ਦੱਸਿਆ ਕਿ ਸੰਤਾਂ ਦਾ ਬਰਸੀ ਸਮਾਗਮ ਸਾਂਝੇ ਤੌਰ 'ਤੇ ਮਨਾਇਆ ਜਾਵੇਗਾ। ਵੱਖ ਵੱਖ ਦਰਬਾਰਾਂ ਤੋਂ ਸੰਤ ਮਹਾਂਪੁਰਸ਼ ਸ਼ਿਰਕਤ ਕਰਨਗੇ। ਲੰਗਰ ਅਤੁੱਟ ਵਰਤਾਇਆ ਜਾਵੇਗਾ। ਇਸ ਮੌਕੇ ਪ੍ਰਿੰਸੀਪਲ ਸੰਤੋਖ ਦਾਸ ਬੰਗਾ, ਗੁਰਦੇਵ ਸਿੰਘ ਜੰਡੂਸਿੰਘਾ, ਅਵਤਾਰ ਚੰਦ ਪੰਚ, ਨੰਬਰਦਾਰ ਸੁਰਿੰਦਰ ਪਾਲ, ਡਾ. ਬਲਜਿੰਦਰ, ਨਰੇਸ਼ ਕੁਮਾਰ, ਵਿਨੋਦ ਕੁਮਾਰ, ਦੇਵ ਰਾਜ, ਮਨਜੀਤ ਕੌਰ ਸਰਪੰਚ, ਮਹਿੰਦਰ ਪਾਲ, ਪਰਮਜੀਤ ਕੌਰ, ਅਜੇ ਕੁਮਾਰ, ਕੁਲਵਿੰਦਰ ਕੌਰ, ਮਨਜੀਤ ਕੌਰ ਬੀਬੀ ਦੀਸ਼ੋ ਆਦਿ ਹਾਜ਼ਰ ਸਨ।

## ਰੋਜ਼ਾ ਸ਼ਰੀਫ ਮੰਢਾਲੀ ਵਿਖੇ ਮੇਲਾ ਅੱਜ ਤੋਂ



ਬੰਗਾ (ਅਵਤਾਰ ਕਲੇਰ)- ਦਰਬਾਰ ਸੱਯਦ ਉੱਲ ਸ਼ੇਖ ਬਾਬਾ ਅਬਦੁੱਲਾ ਸ਼ਾਹ ਕਾਦਰੀ ਰੌਜ਼ਾ ਸ਼ਰੀਫ਼ ਮੰਢਾਲੀ ਵਿਖੇ ਸਲਾਨਾ ਮੇਲਾ ਗੱਦੀਨਸ਼ੀਨ ਸਾਈਂ ਉਮਰੇ ਸ਼ਾਹ ਕਾਦਰੀ ਦੀ ਰਹਿਨੁਮਾਈ ਹੇਠ 28 ਜੂਨ ਤੋਂ 2 ਜੁਲਾਈ ਤੱਕ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਜਾਵੇਗਾ। ਸਾਈਂ ਉਮਰੇ ਸ਼ਾਹ ਕਾਦਰੀ ਨੇ ਦੱਸਿਆ ਕਿ ਇਸ ਪੰਜ ਰੋਜ਼ਾ ਦਿਨ - ਰਾਤ ਚੱਲਣ ਵਾਲੇ ਮੇਲੇ ਦੌਰਾਨ ਪਹਿਲੇ ਦਿਨ 28 ਜੂਨ ਨੂੰ ਨਿਸ਼ਾਨ ਸਾਹਿਬ ਦੀ ਰਸਮ, ਚਿਰਾਗ ਰੋਸ਼ਨ ਹੋਣਗੇ। 29, 30 ਜੂਨ ਅਤੇ 1 ਜੁਲਾਈ ਨੂੰ ਪੰਜਾਬ ਦੇ ਮਸ਼ਹੂਰ ਕਲਾਕਾਰ ਅਤੇ ਕਵਾਲ ਪਾਰਟੀਆਂ ਹਾਜ਼ਰੀਆਂ ਭਰਨਗੇ। 2 ਜੁਲਾਈ ਨੂੰ ਚਾਦਰ ਦੀ ਰਸਮ ਨਾਲ ਮੇਲਾ ਸਮਾਪਤ ਹੋਵੇਗਾ। ਵੱਖ ਵੱਖ ਦਰਬਾਰਾਂ ਤੋਂ ਸੰਤ ਮਹਾਂਪੁਰਸ਼ ਸ਼ਿਰਕਤ ਕਰਨਗੇ। ਇਸ ਮੌਕੇ ਸਾਈਂ ਉਮਰੇ ਸ਼ਾਹ ਕਾਦਰੀ, ਮੁਹੰਮਦ ਆਸ਼ਿਕ ਨੀਲਾ, ਡਾ. ਸਤਨਾਮ ਪਰਸੋਵਾਲ, ਚਰਨਜੀਤ, ਗੋਰਾ ਚੱਕ ਪ੍ਰੇਮਾ, ਨੂਰ ਮੁਹੰਮਦ, ਪੱਪੀ ਅਨੀਹਰ, ਹਰਪ੍ਰੀਤ ਜੱਖੂ, ਸੋਨੂੰ ਜੱਸੋਮਜਾਰਾ, ਜਗਦੀਸ਼ ਮੁਹੰਮਦ, ਅਮਰਜੀਤ ਜੀਤਾ, ਬੰਟੀ, ਚੰਨੀ, ਕਮਲਜੀਤ ਗੜ੍ਹੀ ਮਹਾਂ ਸਿੰਘ, ਮਨੀ, ਗੱਗੀ, ਹਨੀ, ਮੀਰਾ ਸ਼ਰਮਾ ਸਰਪੰਚ ਮੰਢਾਲੀ, ਬਲਜੀਤ ਸਿੰਘ ਸਰਪੰਚ ਕੁਲਥਮ, ਕਮਲਜੀਤ ਕੌਰ ਸਾਬਕਾ ਸਰਪੰਚ ਮੰਢਾਲੀ, ਧਰਮਿੰਦਰ ਸਿੰਘ ਮੰਢਾਲੀ ਨੰਬਰਦਾਰ, ਮਲਕੀਤ ਮੰਢਾਲੀ, ਸੋਨੀ ਮੰਢਾਲੀ ਆਦਿ ਹਾਜ਼ਰ ਸਨ।

## ਢਾਹਾਂ ਕਲੇਰਾਂ ਦੀ ਪੋਸਟ ਬੇਸਿਕ ਬੀ ਐੱਸ ਸੀ ਨਰਸਿੰਗ ਦਾ ਨਤੀਜਾ ਸੌ ਫੀਸਦੀ



ਬੰਗਾ (ਅਵਤਾਰ ਕਲੇਰ)- ਗੁਰੂ ਨਾਨਕ ਕਾਲਜ ਆਫ਼ ਨਰਸਿੰਗ ਢਾਹਾਂ ਕਲੇਰਾਂ ਦੀ ਕਲਾਸ ਪੋਸਟ ਬੇਸਿਕ ਬੀ.ਐਸ.ਸੀ. ਨਰਸਿੰਗ ਪਹਿਲੇ ਸਾਲ ਦਾ ਨਤੀਜਾ 100ਫੀਸਦੀ ਰਿਹਾ। ਜਾਣਕਾਰੀ ਦਿੰਦਿਆਂ ਡਾ. ਸੁਰਿੰਦਰ ਜਸਪਾਲ ਪ੍ਰਿੰਸੀਪਲ ਗੁਰੂ ਨਾਨਕ ਕਾਲਜ ਆਫ਼ ਨਰਸਿੰਗ ਢਾਹਾਂ ਕਲੇਰਾਂ ਨੇ ਦੱਸਿਆ ਕਿ ਪੋਸਟ ਬੇਸਿਕ ਬੀ.ਐਸ.ਸੀ. ਨਰਸਿੰਗ ਪਹਿਲਾ ਸਾਲ ਦੀ ਪ੍ਰੀਖਿਆ ਵਿੱਚੋਂ ਸੰਦੀਪ ਕੌਰ ਪੁੱਤਰੀ ਜਸਵਿੰਦਰ ਸਿੰਘ-ਨਰਿੰਦਰ ਕੌਰ ਬਹਿਰਾਮ ਨੇ ਪਹਿਲਾ ਜਦ ਕਿ ਜਸਮੀਤ ਕੌਰ ਪੁੱਤਰੀ ਕੁਲਦੀਪ ਸਿੰਘ- ਭੁਪਿੰਦਰ ਕੌਰ ਮਾਹਿਲ ਗਹਿਲਾਂ ਅਤੇ ਗੁਰਜੀਤ ਕੌਰ ਪੁੱਤਰੀ ਸਤਨਾਮ ਸਿੰਘ-ਕੁਲਵਿੰਦਰ ਕੌਰ ਜਮੀਤਗੜ੍ਹ ਨੇ ਸਾਂਝੇ ਤੌਰ 'ਤੇ ਦੂਜਾ ਸਥਾਨ ਪ੍ਰਾਪਤ ਕੀਤਾ ਹੈ। ਇਸੇ ਤਰ੍ਹਾਂ ਤੀਜਾ ਸਥਾਨ ਜਸਲੀਨ ਕੌਰ ਪੁੱਤਰੀ ਸੁਖਵੀਰ ਸਿੰਘ-ਨਰਿੰਦਰਜੀਤ ਕੌਰ ਪੂੰਨੀਆਂ ਨੇ ਪ੍ਰਾਪਤ ਕੀਤਾ। ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਦੇ ਪ੍ਰਧਾਨ ਕੁਲਵਿੰਦਰ ਸਿੰਘ ਢਾਹਾਂ ਨੇ ਸਮੂਹ ਟਰੱਸਟ ਮੈਂਬਰਾਂ ਵੱਲੋਂ ਪੋਸਟ ਬੇਸਿਕ ਬੀ.ਐਸ.ਸੀ. ਨਰਸਿੰਗ ਪਹਿਲਾ ਸਾਲ ਦੇ 100 ਫੀਸਦੀ ਸ਼ਾਨਦਾਰ ਨਤੀਜੇ ਲਈ ਸਮੂਹ ਨਰਸਿੰਗ ਵਿਦਿਆਰਥੀਆਂ ਨੂੰ, ਉਨ੍ਹਾਂ ਦੇ ਮਾਪਿਆਂ ਨੂੰ, ਸਮੂਹ ਨਰਸਿੰਗ ਅਧਿਆਪਕਾਂ ਨੂੰ ਹਾਰਦਿਕ ਵਧਾਈਆਂ ਦਿੱਤੀਆਂ ਅਤੇ ਵਿਦਿਆਰਥੀਆਂ ਦੇ ਸੁਨਹਿਰੇ ਭਵਿੱਖ ਦੀ ਕਾਮਨਾ ਕੀਤੀ। ਇਸ ਮੌਕੇ ਅਮਰਜੀਤ ਸਿੰਘ ਕਲੇਰਾਂ ਸਕੱਤਰ ਟਰੱਸਟ, ਮਲਕੀਅਤ ਸਿੰਘ ਬਾਹੜੋਵਾਲ ਸਾਬਕਾ ਪ੍ਰਧਾਨ, ਮੈਡਮ ਰਮਨਦੀਪ ਕੌਰ, ਮੈਡਮ ਸੁਖਮਿੰਦਰ ਕੌਰ, ਮੈਡਮ ਸ਼ਿਵਾਨੀ ਭਰਦਵਾਜ, ਮੈਡਮ ਜਸਪ੍ਰੀਤ ਕੌਰ, ਮੈਡਮ ਨੇਹਾ ਕੁਮਾਰੀ, ਮੈਡਮ ਗੁਰਮੀਤ ਕੌਰ ਵੀ ਹਾਜ਼ਰ ਸਨ।

## ਮਾਤਾ ਗੁਜਰੀ ਖਾਲਸਾ ਕਾਲਜ 'ਚ ਅੰਤਰਰਾਸ਼ਟਰੀ ਯੋਗ ਦਿਵਸ ਮਨਾਇਆ




ਕਰਤਾਰਪੁਰ (ਹਰਮੇਸ਼ ਦੱਤ)- ਸ਼੍ਰੋਮਣੀ ਗੁਰੂ ਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਪ੍ਰਬੰਧ ਅਧੀਨ ਚਲਾਏ ਜਾ ਰਹੇ ਮਾਤਾ ਗੁਜਰੀ ਖਾਲਸਾ ਕਾਲਜ ਵਿਖੇ ਪ੍ਰਿੰਸੀਪਲ ਡ. ਹਰਮਨਦੀਪ ਸਿੰਘ ਦੀ ਯੋਗ ਅਗਵਾਈ ਹੇਠ ਐਨ. ਐਸ. ਐਸ.ਵਿਭਾਗ ਵੱਲੋਂ ਅੰਤਰਰਾਸ਼ਟਰੀ ਯੋਗ ਦਿਵਸ ਮਨਾਇਆ ਗਿਆ ਅਤੇ ਐਨ.ਐਸ.ਐਸ.ਪ੍ਰੋਗਰਾਮ ਅਫਸਰ ਵੱਲੋਂ ਪ੍ਰੋ. ਕਮਲੇਸ਼ ਰਾਣੀ ਨੇ ਯੋਗ ਦੀ ਮਹੱਤਤਾ ਬਾਰੇ ਚਾਨਣਾ ਪਾਇਆ ਅਤੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਅੰਤਰਰਾਸ਼ਟਰੀ ਯੋਗ ਦਿਵਸ 2024 ਦਾ ਥੀਮ ਮਹਿਲਾ ਸ਼ਕਤੀਕਰਨ ਲਈ ਯੋਗਾ ਹੈ। ਉਨ੍ਹਾਂ ਕਿਹਾ ਕਿ ਇਸ ਥੀਮ ਦਾ ਉਦੇਸ਼ ਔਰਤਾਂ ਨੂੰ ਯੋਗਾ ਬਾਰੇ ਜਾਗਰੂਕ ਕਰਨਾ ਹੈ ਅਤੇ ਤੰਦਰੁਸਤੀ ਲਈ ਇਸ ਨੂੰ ਆਪਣੇ ਰੋਜ਼ਾਨਾ ਜੀਵਨ ਵਿੱਚ ਸ਼ਾਮਿਲ ਕਰਨ ਲਈ ਉਤਸ਼ਾਹਿਤ ਕਰਨਾ ਹੈ।

ਵਿਦਿਆਰਥੀਆਂ ਨੇ ਆਪਣੇ ਘਰਾਂ ਵਿੱਚ ਰਹਿ ਕੇ ਪਰਵਾਰਕ ਮੈਂਬਰਾਂ ਨਾਲ ਯੋਗ ਮੁਦਰਾਵਾਂ ਸੂਰਿਆ ਨਮਸਕਾਰ, ਤਾੜ ਆਸਣ, ਭੁਝੰਗ ਆਸਣ, ਧਨੁਰ ਆਸਣ ਅਤੇ ਧਿਆਨ ਲਗਾਉਣ ਵਾਲੇ ਆਸਣਾਂ ਦਾ ਅਭਿਆਸ ਕੀਤਾ। ਇਸ ਤੋਂ ਇਲਾਵਾ ਵਿਦਿਆਰਥੀਆਂ ਨੇ ਯੋਗ ਨਾਲ ਸੰਬੰਧਤ ਪੋਸਟਰ ਬਣਾਏ। ਪ੍ਰਿੰਸੀਪਲ ਡਾ. ਹਰਮਨਦੀਪ ਸਿੰਘ ਗਿੱਲ ਨੇ ਵਿਦਿਆਰਥੀਆਂ ਨੂੰ ਨਿਯਮਤ ਯੋਗਾ ਕਰਨ ਲਈ ਪ੍ਰੇਰਤ ਕਰਦਿਆ ਕਿਹਾ ਕਿ ਯੋਗ ਉਨ੍ਹਾਂ ਦੇ ਸੰਪੂਰਨ ਵਿਕਾਸ ਲਈ ਸਭ ਤੋਂ ਮਜ਼ਬੂਤ ਕੜੀ ਦਾ ਕੰਮ ਕਰਦਾ ਹੈ ਅਤੇ ਵਿਦਿਆਰਥੀਆ ਨੂੰ ਚਾਹੀਦਾ ਹੈ ਕਿ ਉਹ ਰੋਜ਼ਾਨਾ ਜੀਵਨ ਵਿੱਚ ਅਪਣਾਉਣ।

## ਰੌੜੀ ਵਲੋਂ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੀਟਿੰਗਾਂ

ਮਾਹਿਲਪੁਰ (ਸਫ਼ਰੀ) - ਹਲਕਾ ਗੜ੍ਹਸ਼ੰਕਰ ਤੋਂ ਵਿਧਾਇਕ ਤੇ ਵਿਧਾਨ ਸਭਾ ਦੇ ਡਿਪਟੀ ਸਪੀਕਰ ਜੈ ਕ੍ਰਿਸ਼ਨ ਸਿੰਘ ਰੌੜੀ ਨੇ ਹਲਕੇ ਨਾਲ ਸਬੰਧਿਤ ਵੱਖ-ਵੱਖ ਵਿਭਾਗਾਂ, ਜਿਨ੍ਹਾਂ 'ਚ ਪੰਜਾਬ ਮੰਡੀ ਬੋਰਡ, ਪੰਚਾਇਤੀ ਵਿਭਾਗ, ਫੂਡ ਸਪਲਾਈ, ਜਲ ਤੇ ਪਬਲਿਕ ਹੈਲਥ ਦੇ ਅਧਿਕਾਰੀਆ ਨਾਲ ਮੀਟਿੰਗਾਂ ਕਰਕੇ ਆਮ ਲੋਕਾਂ ਨੂੰ ਆ ਰਹੀਆਂ ਮੁਸ਼ਕਿਲਾਂ ਦੇ ਹੱਲ ਕਰਨ ਲਈ ਦਿਸ਼ਾ-ਨਿਰਦੇਸ਼ ਦਿੰਦਿਆਂ ਕਿਹਾ ਕਿ ਪੰਜਾਬ ਸਰਕਾਰ ਆਮ ਲੋਕਾਂ ਦੀ ਸਰਕਾਰ ਹੈ ਜੋ ਹਰ ਸਮੇਂ ਲੋਕ ਭਲਾਈ ਕਾਰਜਾਂ ਲਈ ਯਤਨਸ਼ੀਲ ਹੈ।

ਉਹਨਾਂ ਫੂਡ ਸਪਲਾਈ, ਮਾਰਕਫੈੱਡ ਤੇ ਪਨਗ੍ਰੇਨ ਦੇ ਅਫਸਰਾਂ ਨਾਲ ਕੀਤੀ ਮੀਟਿੰਗ ਵਿੱਚ ਆਮ ਲੋਕਾਂ ਤੇ ਕਿਸਾਨਾਂ ਲਈ ਹਰ ਸਹੂਲਤ ਦਾ ਸਮੇਂ ਸਿਰ ਪ੍ਰਬੰਧ ਕਰਨ ਲਈ ਜੋਰ ਦਿੰਦਿਆਂ ਕਿਹਾ ਕਿ ਪਿੰਡਾਂ ਵਿੱਚ ਲਾਭਪਾਤਰੀਆ ਨੂੰ ਕਣਕ ਆਟਾ ਸਮੇਂ ਸਿਰ ਉਹਨਾਂ ਦੇ ਘਰਾਂ ਤੱਕ ਪੁੱਜਦਾ ਯਕੀਨੀ ਬਣਾਇਆ ਜਾਵੇ ਤਾਂ ਜੋ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਲੋਕਾਂ ਨੂੰ ਵਧੀਆ ਪ੍ਰਸ਼ਾਸਨ ਦੇਣ ਦਾ ਸੁਪਨਾ ਪੂਰਾ ਹੋ ਸਕੇ।ਪੰਜਾਬ ਮੰਡੀਕਰਨ ਬੋਰਡ ਤੇ ਪਬਲਿਕ ਵਰਕਸ ਡਿਪਾਰਟਮੈਂਟ ਦੇ ਅਧਿਕਾਰੀਆ ਨਾਲ ਮੀਟਿੰਗ ਕਰਦਿਆਂ ਉਹਨਾਂ ਕਿਹਾ ਕਿ ਬਰਸਾਤਾਂ ਸ਼ੁਰੂ ਹੋਣ ਤੋਂ ਪਹਿਲਾਂ ਪਹਿਲਾਂ ਚੋਆਂ ਨਾਲਿਆਂ ਦੀ ਸਫਾਈ ਕਰਵਾ ਦਿੱਤੀ ਜਾਵੇ ਤਾਂ ਕਿ ਬਰਸਾਤਾਂ ਮੌਕੇ ਕੋਈ ਵੀ ਅਣਸੁਖਾਵੀਂ ਘਟਨਾ ਨਾ ਵਾਪਰ ਸਕੇ। ਡਿਪਟੀ ਸਪੀਕਰ ਰੌੜੀ ਨੇ ਸਾਰੀਆਂ ਵਾਟਰ ਸਪਲਾਈ ਸਕੀਮਾਂ ਲਈ ਵਾਧੂ ਮੋਟਰਾਂ ਖਰੀਦਣ ਲਈ ਕਿਹਾ ਤਾਂ ਜੋ ਮੋਟਰ ਖਰਾਬ ਹੋਣ 'ਤੇ ਲੋਕਾਂ ਨੂੰ ਪੀਣ ਵਾਲੇ ਪਾਣੀ ਦੀ ਕਿੱਲਤ ਨਾ ਹੋਵੇ।

ਇਸ ਮੌਕੇ ਉਕਤ ਵਿਭਾਗਾਂ ਦੇ ਅਧਿਕਾਰੀਆਂ ਤੋਂ ਇਲਾਵਾ ਚਰਨਜੀਤ ਸਿੰਘ ਚੰਨੀ, ਬਲਦੀਪ ਸਿੰਘ ਸਰਪੰਚ, ਅਸ਼ੋਕ ਕੁਮਾਰ ਸਰਪੰਚ, ਹਰਜਿੰਦਰ ਧੰਜਲ,ਪ੍ਰਿੰਸ ਚੌਧਰੀ, ਧਰਮਪ੍ਰੀਤ ਸਿੰਘ ਆਦਿ ਹਾਜਰ ਸਨ।

